Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 3 : # ਅੰਕ 263 04/01/2025 www.samajweekly.com samajweekly @samajweekly samajweekly

# ਦੇਸ਼ ਦੇ 440 ਜ਼ਿਲ੍ਹਿਆਂ ਦੇ ਧਰਤੀ ਹੇਠਲੇ ਪਾਣੀ ’ਚ ਵਧਿਆ ਨਾਈਟਰੇਟ ਦਾ ਪੱਧਰ ਸਿਹਤ ਲਈ ਖ਼ਤਰਨਾਕ : ਰਿਪੋਰਟ

## ਰਾਜਸਥਾਨ, ਕਰਨਾਟਕ, ਤਾਮਿਲਨਾਡ ਤੇ ਪੰਜਾਬ ਦੇ ਬਠਿੰਡਾ ’ਚ ਉੱਚ ਪੱਧਰ ’ਤੇ ਮਿਲਿਆ ਨਾਈਟਰੇਟ



**ਨਵੀਂ ਦਿੱਲੀ।** ਭਾਰਤ ਦੇ 440 ਜ਼ਿਲ੍ਹਿਆਂ ਦੇ ਧਰਤੀ ਹੇਠਲੇ ਪਾਣੀ ਵਿਚ ‘ਨਾਈਟਰੇਟ’ ਉੱਚ ਪੱਧਰ ’ਤੇ ਪਾਇਆ ਗਿਆ ਹੈ। ਕੇਂਦਰੀ ਜ਼ਮੀਨੀ ਜਲ ਬੋਰਡ (ਸੀਜੀਡਬਲਯੂਬੀ) ਨੇ ਇਕ ‘ਰਿਪੋਰਟ’ ਵਿਚ ਇਹ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਕੱਠੇ ਕੀਤੇ ਗਏ ਨਮੂਨਿਆਂ ’ਚੋਂ 20 ਪ੍ਰਤੀਸ਼ਤ ਵਿਚ ‘ਨਾਈਟਰੇਟ’ ਦਾ ਗਾੜ੍ਹਾਪਣ ਮਨਜ਼ੂਰ ਸੀਮਾ ਤੋਂ ਵੱਧ ਸੀ। ‘ਨਾਈਟਰੇਟ’ ਵਾਤਾਵਰਣ ਅਤੇ ਸਿਹਤ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ, ਖਾਸ ਤੌਰ ’ਤੇ ਉਨ੍ਹਾਂ ਖੇਤਰਾਂ ਵਿਚ ਜਿਥੇ ‘ਨਾਈਟਰੋਜਨ’ ਆਧਾਰਤ ਖਾਦਾਂ ਅਤੇ ਜਾਨਵਰਾਂ ਦੀ ਰਹਿੰਦ-ਖੂੰਹਦ ਦੀ ਵਰਤੋਂ ਕੀਤੀ ਜਾਂਦੀ ਹੈ। ‘ਸਲਾਨਾ ਜ਼ਮੀਨੀ ਪਾਣੀ ਦੀ ਗੁਣਵੱਤਾ ਰਿਪੋਰਟ - 2024’ ਵਿਚ ਇਹ ਵੀ ਪਤਾ ਲਗਿਆ ਹੈ ਕਿ 9.04 ਪ੍ਰਤੀਸ਼ਤ ਨਮੂਨਿਆਂ ’ਚ ‘ਫ਼ਲੋਰਾਈਡ’ ਦਾ ਪੱਧਰ ਵੀ ਸੁਰੱਖਿਅਤ ਸੀਮਾ ਤੋਂ ਉੱਪਰ ਸੀ, ਜਦੋਂ ਕਿ 3.55 ਪ੍ਰਤੀਸ਼ਤ ਨਮੂਨਿਆਂ ਵਿਚ ‘ਆਰਸੈਨਿਕ’ ਪਾਈ ਗਈ।

ਮਈ 2023 ’ਚ ਧਰਤੀ ਹੇਠਲੇ ਪਾਣੀ ਦੀ ਗੁਣਵੱਤਾ ਦੀ ਜਾਂਚ ਕਰਨ ਲਈ ਦੇਸ਼ ਭਰ ਵਿਚੋਂ ਕੁੱਲ 15,259 ਨਿਗਰਾਨੀ ਸਥਾਨਾਂ ਦੀ ਚੋਣ ਕੀਤੀ ਗਈ ਸੀ। ਇਨ੍ਹਾਂ ’ਚੋਂ 25 ਪ੍ਰਤੀਸ਼ਤ ਖੂਹਾਂ (ਬੀਆਈਐਸ 10500 ਅਨੁਸਾਰ ਸਭ ਤੋਂ ਵੱਧ ਜੋਖ਼ਮ ਵਾਲੇ) ਦਾ ਵਿਸਥਾਰ ਨਾਲ ਅਧਿਐਨ ਕੀਤਾ ਗਿਆ। ਮਾਨਸੂਨ ਤੋਂ ਪਹਿਲਾਂ ਅਤੇ ਬਾਅਦ ਵਿਚ 4,982 ਥਾਵਾਂ ਤੋਂ ਜ਼ਮੀਨੀ ਪਾਣੀ ਦੇ ਨਮੂਨੇ ਲਏ ਗਏ ਤਾਂ ਕਿ ਗੁਣਵੱਤਾ ’ਤੇ ਪ੍ਰਭਾਵ ਨੂੰ ਸਮਝਿਆ ਜਾ ਸਕੇ।

ਰਿਪੋਰਟ ਵਿਚ ਪਾਇਆ ਗਿਆ ਕਿ 20 ਫ਼ੀ ਸਦੀ ਪਾਣੀ ਦੇ ਨਮੂਨਿਆਂ ਵਿਚ ਨਾਈਟਰੇਟ ਦੀ ਮਾਤਰਾ 45 ਮਿਲੀਗ੍ਰਾਮ ਪ੍ਰਤੀ ਲੀਟਰ ਦੀ ਸੀਮਾ ਨੂੰ ਪਾਰ ਕਰ ਗਈ, ਜੋ ਕਿ ਵਿਸ਼ਵ ਸਿਹਤ ਸੰਗਠਨ (ਡਬਲਯੂਐਚਓ) ਅਤੇ ਭਾਰਤੀ ਮਿਆਰ ਬਿਊਰੋ (ਬੀਆਈਐਸ) ਦੁਆਰਾ ਪੀਣ ਵਾਲੇ ਪਾਣੀ ਲਈ ਨਿਰਧਾਰਤ ਸੀਮਾ ਹੈ। ਰਾਜਸਥਾਨ, ਕਰਨਾਟਕ ਤੇ ਤਾਮਿਲਨਾਡੂ ’ਚ 40 ਪ੍ਰਤੀਸ਼ਤ ਤੋਂ ਵੱਧ ਨਮੂਨਿਆਂ ਵਿਚ ਨਾਈਟਰੇਟ ਸੀਮਾ ਤੋਂ ਉੱਪਰ ਸੀ, ਜਦੋਂ ਕਿ ਮਹਾਰਾਸ਼ਟਰ ਦੇ ਨਮੂਨਿਆਂ ਵਿਚ ਨਾਈਟਰੇਟ 35.74 ਪ੍ਰਤੀਸ਼ਤ, ਤੇਲੰਗਾਨਾ ਵਿਚ 27.48 ਪ੍ਰਤੀਸ਼ਤ, ਆਂਧਰਾ ਪ੍ਰਦੇਸ਼ ਵਿਚ 23.5 ਪ੍ਰਤੀਸ਼ਤ ਅਤੇ ਮੱਧ ਪ੍ਰਦੇਸ਼ ਵਿਚ 22.58 ਪ੍ਰਤੀਸ਼ਤ ਸੀ। ਉੱਤਰ ਪ੍ਰਦੇਸ਼, ਕੇਰਲ, ਝਾਰਖੰਡ ਅਤੇ ਬਿਹਾਰ ਵਿਚ ਨਾਈਟਰੇਟ ਦੀ ਪ੍ਰਤੀਸ਼ਤਤਾ ਘੱਟ ਪਾਈ ਗਈ। ਅਰੁਣਾਚਲ ਪ੍ਰਦੇਸ਼, ਅਸਾਮ, ਗੋਆ, ਮੇਘਾਲਿਆ, ਮਿਜ਼ੋਰਮ ਅਤੇ ਨਾਗਾਲੈਂਡ ਵਿਚ ਸਾਰੇ ਨਮੂਨੇ ਸੁਰੱਖਿਅਤ ਸੀਮਾਵਾਂ ਦੇ ਅੰਦਰ ਸਨ। ਭਾਰਤ ਵਿਚ 15 ਅਜਿਹੇ ਜ਼ਿਲ੍ਹਿਆਂ ਦੀ ਪਛਾਣ ਕੀਤੀ ਗਈ ਜਿਥੇ

ਧਰਤੀ ਹੇਠਲੇ ਪਾਣੀ ਵਿਚ ਨਾਈਟਰੇਟ ਉੱਚ ਪੱਧਰ ’ਤੇ ਪਾਇਆ ਗਿਆ। ਇਸ ਵਿਚ ਰਾਜਸਥਾਨ ਦੇ ਬਾੜਮੇਰ, ਜੋਧਪੁਰ, ਮਹਾਰਾਸ਼ਟਰ ਵਿਚ ਵਰਧਾ, ਬੁਲਢਾਨਾ, ਅਮਰਾਵਤੀ, ਨਾਂਦੇੜ, ਬੀਡ, ਜਲਗਾਓਂ ਅਤੇ ਯਵਤਮਾਲ, ਤੇਲੰਗਾਨਾ ਵਿਚ ਰੰਗਰੇਡੀ, ਆਦਿਲਾਬਾਦ ਅਤੇ ਸਿੱਦੀਪੇਟ, ਤਾਮਿਲਨਾਡੂ ਵਿਚ ਵਿਲੂਪੁਰਮ, ਆਂਧਰਾ ਪ੍ਰਦੇਸ਼ ਵਿਚ ਪਲਨਾਡੂ ਅਤੇ ਪੰਜਾਬ ਵਿਚ ਬਠਿੰਡਾ ਸ਼ਾਮਲ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਧਰਤੀ ਹੇਠਲੇ ਪਾਣੀ ਵਿਚ ਨਾਈਟਰੇਟ ਦਾ ਵਧਦਾ ਪੱਧਰ ਬਹੁਤ ਜ਼ਿਆਦਾ ਸਿੰਚਾਈ ਦਾ ਨਤੀਜਾ ਹੋ ਸਕਦਾ ਹੈ, ਜੋ ਸੰਭਾਵਤ ਤੌਰ ’ਤੇ ਖਾਦਾਂ ਤੋਂ ਨਾਈਟਰੇਟ ਨੂੰ ਮਿੱਟੀ ਵਿਚ ਡੂੰਘਾਈ ਤਕ ਪਹੁੰਚਾਉਂਦਾ ਹੋਵੇਗਾ।

## ਜਗਜੀਤ ਸਿੰਘ ਡੱਲੇਵਾਲ ਨੇ ਸੰਦੇਸ਼ ਕੀਤਾ ਜਾਰੀ, 4 ਜਨਵਰੀ ਨੂੰ ਖਨੌਰੀ ਬਾਰਡਰ ਉੱਤੇ ਇੱਕਠੇ ਹੋਣ ਦੀ ਕੀਤੀ ਅਪੀਲ



**ਖਨੌਰੀ ਬਾਰਡਰ:** ਜਗਜੀਤ ਸਿੰਘ ਡੱਲੇਵਾਲ ਨੇ ਸੰਦੇਸ਼ ਜਾਰੀ ਕਰਕੇ ਕਿਹਾ ਹੈ ਕਿ ਤੁਹਾਨੂੰ ਸਾਰਿਆ ਨੂੰ ਪਤਾ ਹੈ ਐਮਐਸਪੀ ਦੀ ਲੜਾਈ ਚੱਲ ਰਹੀ ਹੈ ਅਤੇ ਜੋ ਇਸ ਲੜਾਈ ਦਾ ਹਿੱਸਾ ਹਨ ਅਤੇ ਜੋ ਕਿਸਾਨੀ ਲਈ ਸੰਘਰਸ਼ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਮੈਂ ਸਾਰਿਆ ਨੂੰ ਅਪੀਲ ਕਰਦਾ ਹਾਂ ਕਿ 4 ਜਨਵਰੀ ਨੂੰ ਤੁਹਾਨੂੰ ਸਾਰਿਆ ਨੂੰ ਖਨੌਰੀ ਬਾਰਡਰ ਉੱਤੇ ਦੇਖਣਾ ਚਾਹੁੰਦਾ ਹਾਂ ਅਤੇ ਤੁਸੀਂ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ। ਉਨ੍ਹਾਂ ਨੇ ਕਿਹਾ ਹੈ ਕਿ ਮੈ ਤੁਹਾਡਾ ਸਾਰਿਆ ਦਾ ਆਭਾਰੀ ਹਾਂ।

## ਲਾਲੂ ਯਾਦਵ ਨੇ ਨਿਤੀਸ਼ ਨਾਲ ਮੁੜ ਜੁੜਨ ਦੇ ਦਿੱਤੇ ਸੰਕੇਤ ਤੇਜਸਵੀ ਨੇ ਸੰਭਾਵਨਾ ਤੋਂ ਕੀਤਾ ਇਨਕਾਰ



**ਪਟਨਾ।** ਰਾਸ਼ਟਰੀ ਜਨਤਾ ਦਲ (ਆਰਜੇਡੀ) ਮੁਖੀ ਲਾਲੂ ਪ੍ਰਸਾਦ ਯਾਦਵ ਵੱਲੋਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨਾਲ ਮੁੜ ਜੁੜਨ ਦੀ ਇੱਛਾ ਜ਼ਾਹਿਰ ਕੀਤੇ ਜਾਣ ਮਗਰੋਂ ਬਿਹਾਰ ਦੇ ਸਿਆਸੀ ਹਲਕਿਆਂ ’ਚ ਹਲਚਲ ਸ਼ੁਰੂ ਹੋ ਗਈ ਹੈ। ਲੰਘੀ ਰਾਤ ਸ੍ਰੀ ਯਾਦਵ ਨੂੰ ਸਵਾਲ ਕੀਤਾ ਗਿਆ ਕਿ ਕੀ ਉਨ੍ਹਾਂ ਦੇ ਦਰਵਾਜ਼ੇ ਬਿਹਾਰ ਦੇ ਮੁੱਖ ਮੰਤਰੀ ਲਈ ਖੁੱਲ੍ਹੇ ਹਨ। ਇਸੇ ਦੇ ਜਵਾਬ ’ਚ ਲਾਲੂ ਯਾਦਵ ਨੇ ਕਿਹਾ, ‘ਮੇਰੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ।’ ਵਾਪਸ ਆਉਣ ’ਤੇ ਨਿਤੀਸ਼ ਨੂੰ ਮੁਆਫ਼ ਕਰਨ ਸਬੰਧੀ ਸਵਾਲ ਦੇ ਜਵਾਬ ’ਚ ਉਨ੍ਹਾਂ ਕਿਹਾ, ‘ਮੁਆਫ਼ ਕਰ ਦੇਣਾ ਮੇਰਾ ਕੰਮ ਹੈ। ਜੇ ਉਹ ਵਾਪਸ ਆਉਂਦੇ ਹਨ ਤਾਂ ਮੈਂ ਉਨ੍ਹਾਂ ਨੂੰ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਮੁਆਫ਼ ਕਰ ਦੇਵਾਂਗਾ। ਸਾਰੇ ਮਿਲ ਕੇ ਕੰਮ ਕਰਾਂਗੇ।’ ਦੂਜੇ ਪਾਸੇ ਲਾਲੂ ਯਾਦਵ ਦੇ ਪੁੱਤਰ ਤੇਜਸਵੀ ਯਾਦਵ ਨੇ ਨਿਤੀਸ਼ ਕੁਮਾਰ ਨਾਲ ਮੁੜ ਜੁੜਨ ਦੇ ਵਿਚਾਰ ਤੋਂ ਇਨਕਾਰ ਕਰ ਦਿੱਤਾ ਹੈ। ਤੇਜਸਵੀ ਨੇ ਅੱਜ ਬਿਹਾਰ ਦੇ ਨਵੇਂ ਰਾਜਪਾਲ ਦੇ ਸਹੁੰ ਚੁੱਕ ਸਮਾਗਮ ਦੌਰਾਨ ਆਪਣਾ ਪਹਿਲਾਂ ਵਾਲਾ ਰੁਖ਼ ਦੁਹਰਾਇਆ। ਤੇਜਸਵੀ ਨੇ ਕਿਹਾ ਸੀ, ‘ਸਾਡੇ ਦਰਵਾਜ਼ੇ ਨਿਤੀਸ਼ ਕੁਮਾਰ ਲਈ ਹਮੇਸ਼ਾ ਲਈ ਬੰਦ ਹਨ। ਸਾਨੂੰ ਉਨ੍ਹਾਂ ਦੀ ਲੋੜ ਨਹੀਂ ਹੈ। ਨਿਤੀਸ਼ ’ਚ ਹੁਣ ਕੁਝ ਨਹੀਂ ਰਹਿ ਗਿਆ। ਬਿਹਾਰ ਦੇ ਲੋਕਾਂ ਨੂੰ ਮੇਰੇ ’ਤੇ ਭਰੋਸਾ ਹੈ ਤੇ ਇਸ ਵਾਰ ਅਸੀਂ ਆਪਣੀ ਸਰਕਾਰ ਬਣਾਵਾਂਗੇ।’ ਜ਼ਿਕਰਯੋਗ ਹੈ ਕਿ ਬਿਹਾਰ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਆਰਜੇਡੀ ਤੇ ਐੱਨਡੀਏ ਸਮੇਤ ਸਾਰੀਆਂ ਅਹਿਮ ਸਿਆਸੀ ਪਾਰਟੀਆਂ ਨੇ ਆਪਣੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ।

# ਜਿਗਰੀ ਯਾਰਾਂ ਦਾ ਸੜਕ ਹਾਦਸੇ ਵਿਚ ਇਕੱਠਿਆਂ ਹੋਈ ਮੌਤ, ਨਵੇਂ ਸਾਲ ਮੌਕੇ ਹਰਿਦੁਆਰ ਗਏ ਸਨ ਘੁੰਮਣ

**ਉੱਤਰਾਖੰਡ।** ਉੱਤਰਾਖੰਡ ਦੇ ਹਰਿਦੁਆਰ 'ਚ ਹਰਿਆਣਾ ਦੇ 4 ਨੌਜਵਾਨਾਂ ਦੀ ਮੌਤ ਹੋ ਗਈ ਹੈ। ਇਹ ਨੌਜਵਾਨ ਨਵੇਂ ਸਾਲ ਦੇ ਮੌਕੇ 'ਤੇ ਕਾਰ 'ਚ ਸਵਾਰ ਹੋ ਕੇ ਘੁੰਮਣ ਗਏ ਸਨ। ਉੱਥੇ ਹੀ ਰੁੜਕੀ ਨੇੜੇ ਹਾਈਵੇਅ 'ਤੇ ਉਨ੍ਹਾਂ ਦੀ ਤੇਜ਼ ਰਫ਼ਤਾਰ ਕਾਰ ਸੀਮਿੰਟ ਨਾਲ ਭਰੇ ਟਰੱਕ ਨਾਲ ਟਕਰਾ ਗਈ। ਉਨ੍ਹਾਂ ਨਾਲ ਇੱਕ ਹੋਰ ਵਿਅਕਤੀ ਵੀ ਸੀ, ਜਿਸ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਇਹ ਸਾਰੇ ਲੋਕ ਰੇਵਾੜੀ ਦੇ ਇਕ ਪਿੰਡ ਦੇ ਰਹਿਣ ਵਾਲੇ ਸਨ ਅਤੇ ਦੋਸਤ ਸਨ। ਇਨ੍ਹਾਂ ਵਿੱਚੋਂ ਦੋ ਨੌਜਵਾਨ ਚਚੇਰੇ ਭਰਾ ਸਨ ਅਤੇ ਸਾਰੇ ਵਿਆਹੇ ਹੋਏ ਸਨ। ਸੂਚਨਾ ਮਿਲਣ 'ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਹਰਿਦੁਆਰ ਪਹੁੰਚ ਗਏ ਹਨ। ਸਾਰਿਆਂ ਦਾ ਪੋਸਟਮਾਰਟਮ ਕੀਤਾ ਜਾ ਰਿਹਾ ਹੈ। ਪਰਿਵਾਰਕ ਮੈਂਬਰਾਂ ਅਨੁਸਾਰ 1 ਜਨਵਰੀ ਬੁੱਧਵਾਰ ਨੂੰ ਰੇਵਾੜੀ ਦੇ ਲਿਸਾਨਾ ਪਿੰਡ ਦੇ 5 ਦੋਸਤ ਘੁੰਮਣ ਲਈ ਹਰਿਦੁਆਰ (ਉਤਰਾਖੰਡ) ਗਏ ਸਨ।



ਉਹ ਸਵੇਰੇ ਘਰੋਂ ਨਿਕਲੇ ਅਤੇ ਸ਼ਾਮ ਨੂੰ ਹਰਿਦੁਆਰ ਪਹੁੰਚ ਗਏ। ਇਸ ਤੋਂ ਬਾਅਦ ਬੁੱਧਵਾਰ ਦੇਰ ਰਾਤ ਉਹ ਆਪਣੀ ਕਾਰ ਰਾਹੀਂ ਰੇਵਾੜੀ ਪਰਤ ਰਹੇ ਸਨ। ਜਦੋਂ ਉਨ੍ਹਾਂ ਦੀ ਕਾਰ ਰੁੜਕੀ ਨੇੜੇ ਪਹੁੰਚੀ ਤਾਂ ਸੜਕ ਕਿਨਾਰੇ ਖੜ੍ਹੇ ਸੀਮਿੰਟ ਨਾਲ ਭਰੇ ਟਰੱਕ ਨਾਲ ਟਕਰਾ ਗਈ। ਚਸ਼ਮਦੀਦਾਂ ਦਾ ਕਹਿਣਾ ਹੈ ਕਿ ਟੱਕਰ ਇੰਨੀ ਜ਼ਬਰਦਸਤ ਸੀ ਕਿ ਤੇਜ਼ ਰਫ਼ਤਾਰ ਕਾਰ ਟਰੱਕ ਦੇ ਹੇਠਾਂ ਜਾ ਵੜ ਗਈ ਤੇ ਕਾਰ ਦੇ ਪਰਖੱਚੇ ਉੱਡ ਗਏ। ਹਾਦਸੇ ਵਿਚ ਕਾਰ 'ਚ ਸਵਾਰ 4 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਇਕ ਗੰਭੀਰ ਜ਼ਖ਼ਮੀ ਹੋ ਗਿਆ। ਇਸ ਦੌਰਾਨ ਮੌਕੇ ਤੋਂ ਲੰਘ ਰਹੇ ਲੋਕਾਂ ਨੇ ਹਾਦਸੇ ਦੀ ਸੂਚਨਾ ਪੁਲਿਸ ਨੂੰ ਦਿੱਤੀ। ਮੌਕੇ 'ਤੇ ਪੁੱਜੀ ਪੁਲਿਸ ਨੇ ਲੋਕਾਂ ਦੀ ਮਦਦ ਨਾਲ ਟੁੱਟੀ ਗੱਡੀ 'ਚੋਂ ਲਾਸ਼ਾਂ ਨੂੰ ਬਾਹਰ ਕੱਢਿਆ। ਇਸ ਤੋਂ ਬਾਅਦ ਉਨ੍ਹਾਂ ਨੂੰ ਹਸਪਤਾਲ ਭੇਜ ਦਿੱਤਾ ਗਿਆ। ਇਨ੍ਹਾਂ 5 ਲੋਕਾਂ 'ਚੋਂ ਇਕ ਵਿਅਕਤੀ ਦਾ ਸਾਹ ਚੱਲ ਰਿਹਾ ਸੀ, ਇਸ ਲਈ ਉਸ ਨੂੰ ਤੁਰੰਤ ਐਂਬੂਲੈਂਸ ਰਾਹੀਂ ਹਸਪਤਾਲ ਭੇਜਿਆ ਗਿਆ। ਹਾਲਾਂਕਿ ਉਸ ਵਿਅਕਤੀ ਦੀ ਹਾਲਤ ਵੀ ਨਾਜ਼ੁਕ ਦੱਸੀ ਜਾ ਰਹੀ ਹੈ। ਮ੍ਰਿਤਕਾਂ ਦੀ ਪਛਾਣ ਉਨ੍ਹਾਂ ਕੋਲੋਂ ਮਿਲੇ ਦਸਤਾਵੇਜ਼ਾਂ ਤੋਂ ਹੋਈ ਹੈ। ਇਨ੍ਹਾਂ ਵਿੱਚ ਕੇਹਰ ਸਿੰਘ (27), ਪ੍ਰਕਾਸ਼ ਸਿੰਘ (38), ਆਦਿਤਿਆ ਸਿੰਘ (25) ਅਤੇ ਮਨੀਸ਼ ਕੁਮਾਰ (27) ਸ਼ਾਮਲ ਹਨ। ਇਸ ਦੌਰਾਨ 37 ਸਾਲਾ ਮਹੀਪਾਲ ਸਿੰਘ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ।

## ਚੰਦਨ ਗੁਪਤਾ ਕਤਲ ਕਾਂਡ 'ਚ 28 ਦੋਸ਼ੀਆਂ ਨੂੰ ਉਮਰ ਕੈਦ, ਕਾਸਗੰਜ ਦੰਗਿਆਂ 'ਚ ਕੀਤਾ ਗਿਆ ਸੀ ਕਤਲ



**ਨਵੀਂ ਦਿਲੀ।** ਕਾਸਗੰਜ ਦੰਗਿਆਂ ਵਿਚ ਮਾਰੇ ਗਏ ਏਬੀਵੀਪੀ ਵਰਕਰ ਚੰਦਨ ਗੁਪਤਾ ਦੇ ਕਤਲ ਕੇਸ ਵਿਚ 28 ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਲਖਨਊ NIA ਕੋਰਟ ਨੇ ਸ਼ੁੱਕਰਵਾਰ ਨੂੰ ਇਹ ਫੈਸਲਾ ਸੁਣਾਇਆ ਹੈ। ਅਦਾਲਤ ਨੇ ਵੀਰਵਾਰ ਨੂੰ 28 ਦੋਸ਼ੀਆਂ ਨੂੰ ਦੋਸ਼ੀ ਕਰਾਰ ਦਿਤਾ ਸੀ। ਜਸਟਿਸ ਵਿਵੇਕਾਨੰਦ ਸ਼ਰਨ ਤ੍ਰਿਪਾਠੀ ਨੇ ਦੇ ਸਿੰਗਲ ਬੈਂਚ ਨੇ ਅੱਜ ਇਹ ਫ਼ੈਸਲਾ ਸੁਣਾਉਂਦਿਆਂ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਮਾਮਲੇ ਦਾ ਦੋਸ਼ੀ ਸਲੀਮ ਵੀਰਵਾਰ ਨੂੰ ਐਨਆਈਏ ਅਦਾਲਤ ਵਿਚ ਪੇਸ਼ ਨਹੀਂ ਹੋਇਆ ਸੀ। ਉਸ ਨੇ ਸ਼ੁੱਕਰਵਾਰ ਅਦਾਲਤ ਪਹੁੰਚ ਕੇ ਆਤਮ ਸਮਰਪਣ ਕਰ ਦਿਤਾ। ਐਨਆਈਏ ਅਦਾਲਤ ਦੇ ਫ਼ੈਸਲੇ ਖ਼ਿਲਾਫ਼ ਮੁਲਜ਼ਮਾਂ ਵਲੋਂ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਗਈ ਸੀ, ਜਿਸ ਨੂੰ ਅਦਾਲਤ ਨੇ ਰੱਦ ਕਰ ਦਿਤਾ ਸੀ।

ਚੰਦਨ ਗੁਪਤਾ ਦੀ 26 ਜਨਵਰੀ 2018 ਨੂੰ ਕਾਸਗੰਜ ਵਿਚ ਹੱਤਿਆ ਕਰ ਦਿਤੀ ਗਈ ਸੀ। ਚੰਦਨ ਮੋਦੀ-ਯੋਗੀ ਦਾ ਕੱਟੜ ਸਮਰਥਕ ਸੀ। ਉਨ੍ਹਾਂ ਦੀ ਮੌਤ ਤੋਂ ਬਾਅਦ ਕਾਸਗੰਜ 'ਚ ਹਾਲਾਤ ਇੰਨੇ ਖ਼ਰਾਬ ਹੋ ਗਏ ਕਿ ਪ੍ਰਸ਼ਾਸਨ ਨੂੰ ਇੰਟਰਨੈੱਟ ਬੰਦ ਕਰਨਾ ਪਿਆ। ਕਰੀਬ ਇੱਕ ਹਫ਼ਤੇ ਤਕ ਹੰਗਾਮਾ ਹੁੰਦਾ ਰਿਹਾ।

## ਕਿਸਾਨ ਅੰਦੋਲਨ ਵਿਚਕਾਰ ਦਿੱਲੀ ਦੇ ਵਕੀਲਾਂ ਨੂੰ ਨਾਲ ਲੈ ਕੇ ਅਰਵਿੰਦ ਕੇਜਰੀਵਾਲ ਨੂੰ ਮਿਲੇ ਕਿਸਾਨ ਆਗੂ ਰਾਕੇਸ਼ ਟਿਕੈਤ

**ਨਵੀਂ ਦਿੱਲੀ ।** ਕਿਸਾਨ ਆਗੂ ਰਾਕੇਸ਼ ਟਿਕੈਤ ਅੱਜ ਰਾਤ ਨਵੀਂ ਦਿੱਲੀ ਦੇ ਕੁੱਝ ਵਕੀਲਾਂ ਨੂੰ ਨਾਲ ਲੈ ਕੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਮੁਖੀ ਅਰਵਿੰਦ ਕੇਜਰੀਵਾਲ ਨੂੰ ਮਿਲੇ। ਮੁਲਾਕਾਤ ਦੌਰਾਨ ਵਕੀਲਾਂ ਨੇ ਅਪਣੀਆਂ ਮੰਗਾਂ ਕੇਜਰੀਵਾਲ ਸਾਹਮਣੇ ਰਖੀਆਂ, ਜਿਨ੍ਹਾਂ ਨੇ ਭਰੋਸਾ ਦਿਤਾ ਕਿ ਜੇਕਰ ਦਿੱਲੀ 'ਚ ਉਨ੍ਹਾਂ ਦੀ ਸਰਕਾਰ ਆਉਂਦੀ ਹੈ ਤਾਂ ਉਹ ਵਕੀਲਾਂ ਦੇ ਮੁੱਦਿਆਂ ਦਾ ਹੱਲ ਸਭ ਤੋਂ ਪਹਿਲਾਂ ਕਰਨਗੇ। ਮੀਟਿੰਗ ਬਾਰੇ ਦਸਦਿਆਂ 'ਆਪ' ਆਗੂ ਅਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਕਿਹਾ, ''ਬਹੁਤ ਚੰਗੀ ਮੁਲਾਕਾਤ ਅਰਵਿੰਦ ਕੇਜਰੀਵਾਲ ਜੀ ਨਾਲ ਹੋਈ। ਦਿੱਲੀ ਦੇ ਵਕੀਲਾਂ ਨਾਲ ਸਬੰਧਤ ਕੁੱਝ ਮੁੱਦੇ ਸਨ, ਸੀਨੀਅਰ ਵਕੀਲ ਕੇ.ਸੀ. ਮਿੱਤਲ ਜੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਅਪਣੇ ਮੁੱਦਿਆਂ ਨੂੰ ਕੇਜਰੀਵਾਲ ਜੀ ਸਾਹਮਣੇ ਰਖਿਆ ਹੈ। ਜਿਨ੍ਹਾਂ ਨੂੰ ਹੱਲ ਕਰਨ ਦਾ ਕੇਜਰੀਵਾਲ ਜੀ ਨੇ ਭਰੋਸਾ ਦਿਤਾ ਹੈ।'' ਰਾਕੇਸ਼



ਟਿਕੈਤ ਨੇ ਵੀ ਪੱਤਰਕਾਰਾਂ ਨੂੰ ਘਰ ਤੋਂ ਬਾਹਰ ਨਿਕਲਦਿਆਂ ਦਸਿਆ, ''ਇਥੋਂ ਦੇ ਵਕੀਲਾਂ ਦੇ ਕੁੱਝ ਭਲਾਈ ਬਾਰੇ ਮੁੱਦੇ ਹਨ ਜਿਨ੍ਹਾਂ ਬਾਰੇ ਕੇਜਰੀਵਾਲ ਜੀ ਨੇ ਕਿਹਾ ਹੈ ਕਿ ਜੇਕਰ ਉਨ੍ਹਾਂ ਦੀ ਸਰਕਾਰ ਆਈ ਤਾਂ ਉਹ ਪਹਿਲੀ ਕੈਬਿਨੇਟ ਮੀਟਿੰਗ 'ਚ ਇਨ੍ਹਾਂ ਮੁੱਦਿਆਂ ਦਾ ਹੱਲ ਕਰਨਗੇ। ਮਿੱਤਲ ਜੀ ਨੇ ਇਕ ਅਦਾਲਤ ਤੋਂ ਦੂਜੀ ਅਦਾਲਤ ਤਕ ਗੱਡੀਆਂ ਮੁੜ ਚਲਾਉਣ ਦੀ ਮੰਗ ਕੀਤੀ ਹੈ, ਕਿਉਂਕਿ ਵਕੀਲਾਂ ਨੂੰ ਪਟਿਆਲਾ ਹਾਊਸ ਕੋਰਟ ਤੋਂ ਸਾਕੇਤ ਅਦਾਲਤ ਤਕ ਜਾਣ 'ਚ ਕਾਫ਼ੀ ਪ੍ਰੇਸ਼ਾਨੀ ਹੁੰਦੀ ਹੈ। ਉਨ੍ਹਾਂ ਨੇ ਵਕੀਲ ਸੁਰੱਖਿਆ ਐਕਟ ਬਣਾਉਣ ਦਾ ਵੀ ਭਰੋਸਾ ਦਿਤਾ ਹੈ।'' ਖ਼ੁਦ ਕੇ.ਸੀ. ਮਿੱਤਲ ਨੇ ਕਿਹਾ, ''ਅਸੀਂ ਮਈ 2023 'ਚ ਦਿੱਲੀ ਸਰਕਾਰ ਨੂੰ ਵਕੀਲ ਸੁਰੱਖਿਆ ਐਕਟ ਦਾ ਖਰੜਾ ਦਿੱਲੀ ਸਰਕਾਰ ਨੂੰ ਦਿਤਾ ਸੀ। ਕੇਜਰੀਵਾਲ ਨੇ ਕਿਹਾ ਕਿ ਵਿਭਾਗ ਨੇ ਉਸ ਨੂੰ ਮਨਜ਼ੂਰ ਕਰ ਦਿਤਾ ਹੈ ਅਤੇ ਇਸ ਨੂੰ ਸਿਰਫ਼ ਕੈਬਨਿਟ 'ਚ ਪਾਸ ਕਰ ਕੇ ਵਿਧਾਨ ਸਭਾ 'ਚ ਭੇਜਣਾ ਹੈ, ਜਿਸ ਦਾ ਭਰੋਸਾ ਅੱਜ ਕੇਜਰੀਵਾਲ ਜੀ ਨੇ ਦੇ ਦਿਤਾ ਹੈ। ਇਹ ਬਹੁਤ ਵੱਡੀ ਗੱਲ ਹੈ।'' ਇਸ ਤੋਂ ਇਲਾਵਾ ਵਕੀਲਾਂ ਨੇ ਸਾਬਕਾ ਮੁੱਖ ਮੰਤਰੀ ਸਾਹਮਣੇ ਸਾਰੇ ਬਾਰ ਕੌਂਸਲ ਦਿੱਲੀ ਨਾਲ ਰਜਿਸਟਰਡ ਸਾਰੇ ਵਕੀਲਾਂ ਲਈ ਜੀਵਨ ਬੀਮਾ ਮੁਹਈਆ ਕਰਵਾਉਣ ਦੀ ਮੰਗ ਵੀ ਕੀਤੀ। ਉਨ੍ਹਾਂ ਨੇ ਪਟਿਆਲਾ ਹਾਊਸ ਕੋਰਟ ਲਈ ਮੁਰੰਮਤ ਦੇ ਫ਼ੰਡ ਵੀ ਤੁਰਤ ਜਾਰੀ ਕਰਨ ਦੀ ਵੀ ਮੰਗ ਕੀਤੀ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਬਠਿੰਡਾ ਡੱਬਵਾਲੀ ਮਾਰਗ 'ਤੇ ਧੁੰਦ ਕਾਰਨ ਤੇਲ ਟੈਂਕਰ ਤੇ ਬੱਸ ਦੀ ਟੱਕਰ

**ਬਠਿੰਡਾ।** ਹਲਕਾ ਗਿੱਦੜਬਾਹਾ ਦੇ ਵਿਧਾਇਕ ਡਿੰਪੀ ਢਿੱਲੋਂ ਦੀ ਮਾਲਕੀ ਵਾਲੀ ਨਿਊ ਦੀਪ ਬੱਸ ਤੜਕਸਾਰ ਸੰਘਣੀ ਧੁੰਦ ਕਾਰਨ ਡੱਬਵਾਲੀ ਰੋਡ ਤੇ ਪਿੰਡ ਗੁਰੂਸਰ ਸੈਣੇ ਵਾਲਾ ਅਤੇ ਸ਼ਹਿਰੀ ਬੁੱਟਰ ਵਿਚਕਾਰ ਹਾਦਸੇ ਦਾ ਸ਼ਿਕਾਰ ਹੋ ਗਈ। ਇਹ ਹਾਦਸਾ ਬੱਸ ਅਤੇ ਤੇਲ ਟੈਂਕਰ ਦੀ ਆਪਸੀ ਟੱਕਰ ਕਾਰਨ ਵਾਪਰਿਆ। ਗ਼ੌਰਤਲਬ ਹੈ ਕਿ ਬਠਿੰਡਾ ਡੱਬਵਾਲੀ ਰੋਡ ਦੇ ਨਵੀਨਕਰਨ ਕਾਰਨ ਇੱਕ ਪਾਸੇ ਤੋਂ ਆਵਾਜਾਈ ਜਾਰੀ ਹੈ, ਜਿਸ ਕਾਰਨ ਬੱਸ ਤੇ ਟਰੱਕ ਦੀ ਸਾਹਮਣੇ ਤੋਂ ਟੱਕਰ ਹੋ ਗਈ। ਜਾਣਕਾਰੀ ਅਨੁਸਾਰ ਰਾਮਾ ਮੰਡੀ ਤੋਂ ਰਵਾਨਾ ਹੋਈ ਇਸ ਬੱਸ ਵਿੱਚ 50 ਦੇ ਕਰੀਬ ਸਵਾਰੀਆਂ ਸਨ। ਹਾਦਸੇ ਦੌਰਾਨ 20 ਦੇ ਕਰੀਬ ਸਵਾਰੀਆਂ ਜਖ਼ਮੀ ਹੋ ਗਈਆਂ ਜਿਨ੍ਹਾਂ ਨੂੰ ਸ਼ਹਿਰ ਦੀਆਂ



ਸਮਾਜ ਸੇਵੀ ਸੰਸਥਾ ਦੇ ਵਰਕਰਾਂ ਵੱਲੋਂ ਬਠਿੰਡਾ ਦੇ ਸਰਕਾਰੀ ਹਸਪਤਾਲ ਵਿੱਚ ਪਹੁੰਚਿਆ ਗਿਆ ਹੈ।

ਇਸ ਸਬੰਧੀ ਡਾਕਟਰਾਂ ਨੇ ਦੱਸਿਆ ਕਿ ਸਵਾਰੀਆਂ ਦੇ ਮਾਮੂਲੀ ਸੱਟਾਂ ਲੱਗੀਆਂ ਹਨ ਜਿਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਨਿਊ ਗੁਰੂ ਕਾਸ਼ੀ ਦੀ ਇੱਕ ਬੱਸ ਪਿੰਡ ਕੋਟਸ਼ਮੀਰ ਅਤੇ ਜੀਵਨ ਸਿੰਘ ਵਾਲਾ ਨੇੜੇ ਲਸਾੜਾ ਡਰੇਨ ਵਿੱਚ ਡਿੱਗ ਪਈ ਸੀ ਜਿਸ ਵਿੱਚ 8 ਦੀ ਮੌਤ ਹੋ ਗਈ ਸੀ 45 ਸਵਾਰੀਆਂ ਜ਼ਖਮੀ ਹੋ ਗਈਆਂ ਸਨ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਤਾਮਿਲਨਾਡੂ 'ਚ ਲ਼ਫਘ ਟੈਂਕਰ ਹਾਦਸੇ ਦਾ ਸ਼ਿਕਾਰ, ਗੈਸ ਲੀਕ ਹੋਣ ਕਰ ਕੇ ਮਚਿਆ ਹੜਕੰਪ, ਸਕੂਲਾਂ ਨੂੰ ਕਰਵਾਇਆ ਗਿਆ ਬੰਦ



**ਨਵੀਂ ਦਿਲੀ।** ਤਾਮਿਲਨਾਡੂ ਦੇ ਕੋਇੰਬਟੂਰ ਵਿੱਚ ਸ਼ੁੱਕਰਵਾਰ ਸਵੇਰੇ ਇੱਕ ਐਲਪੀਜੀ ਟੈਂਕਰ ਹਾਦਸੇ ਦਾ ਸ਼ਿਕਾਰ ਹੋ ਗਿਆ। ਇਸ ਤੋਂ ਬਾਅਦ ਟੈਂਕਰ 'ਚੋਂ ਗੈਸ ਲੀਕ ਹੋਣ ਲੱਗੀ। ਬਚਾਅ ਟੀਮ ਮੌਕੇ 'ਤੇ ਪਹੁੰਚ ਗਈ ਹੈ। ਇਹ ਘਟਨਾ ਕੋਇੰਬਟੂਰ ਦੇ ਉਪਲੀਪਲਯਾਮ ਫਲਾਈਓਵਰ 'ਤੇ ਵਾਪਰੀ। ਟੈਂਕਰ ਕੋਚੀ ਤੋਂ ਕੋਇੰਬਟੂਰ ਆ ਰਿਹਾ ਸੀ। ਇਸ ਹਾਦਸੇ ਤੋਂ ਬਾਅਦ ਪੂਰੇ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਗਈ ਹੈ।ਦੱਸ ਦੇਈਏ ਕਿ ਪਿਛਲੇ ਮਹੀਨੇ ਜੈਪੁਰ-ਅਜਮੇਰ ਹਾਈਵੇਅ 'ਤੇ ਇੱਕ ਐਲਪੀਜੀ ਟੈਂਕਰ ਵਿੱਚ ਧਮਾਕਾ ਹੋਇਆ ਸੀ, ਜਿਸ ਵਿੱਚ 15 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਸੀ। ਇੱਕ ਟਰੱਕ ਐਲਪੀਜੀ ਟੈਂਕਰ ਨਾਲ ਟਕਰਾ ਗਿਆ, ਜਿਸ ਤੋਂ ਬਾਅਦ ਧਮਾਕੇ ਵਿੱਚ 34 ਵਾਹਨ ਵੀ ਲਪੇਟ ਵਿੱਚ ਆ ਗਏ।

# ਨੌਜਵਾਨਾਂ ਦਾ ਏਕਲਵਿਆ ਦੀ ਤਰ੍ਹਾਂ ਅੰਗੂਠਾ ਕੱਟ ਰਹੀ ਹੈ ਭਾਜਪਾ : ਰਾਹੁਲ ਗਾਂਧੀ



**ਨਵੀਂ ਦਿਲੀ।** ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਮੱਧ ਪ੍ਰਦੇਸ਼ ਲੋਕ ਸੇਵਾ ਕਮਿਸ਼ਨ (ਐਮ. ਪੀ. ਐਸ. ਸੀ.) ਦੀ ਪ੍ਰੀਖਿਆ ਨਾਲ ਜੁੜੇ ਵਿਵਾਦ ਦਾ ਹਵਾਲਾ ਦਿੰਦੇ ਹੋਏ ਸ਼ੁਕਰਵਾਰ ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) ’ਤੇ ਨਿਸ਼ਾਨਾ ਸਾਧਿਆ ਅਤੇ ਦੋਸ਼ ਲਗਾਇਆ ਕਿ ਸੱਤਾਧਾਰੀ ਪਾਰਟੀ ਦੇਸ਼ ਦੇ ਨੌਜਵਾਨਾਂ ਦੇ ਭਵਿੱਖ ਨੂੰ ਤਬਾਹ ਕਰ ਰਹੀ ਹੈ। ਰਾਹੁਲ ਨੇ ਇਹ ਵੀ ਦਾਅਵਾ ਕੀਤਾ ਕਿ ਮੱਧ ਪ੍ਰਦੇਸ਼ ਦੀ ਭਾਜਪਾ ਸਰਕਾਰ ਨੇ ਵਿਦਿਆਰਥੀਆਂ ਦੇ ਭਰੋਸੇ ਨੂੰ ਤੋੜਿਆ ਹੈ ਅਤੇ ਲੋਕਤੰਤਰ ਪ੍ਰਣਾਲੀ ਦਾ ਗਲਾ ਘੁੱਟਿਆ ਹੈ। ਰਾਹੁਲ ਗਾਂਧੀ ਨੇ ਐਕਸ ’ਤੇ ਲਿਖਿਆ, ‘ਭਾਜਪਾ ਭਾਰਤ ਦੇ ਨੌਜਵਾਨਾਂ ਦਾ ਏਕਲਵਿਆ ਦੀ ਤਰ੍ਹਾਂ ਅੰਗੂਠਾ ਕੱਟ ਰਹੀ ਹੈ, ਉਨ੍ਹਾਂ ਦੇ ਭਵਿੱਖ ਤਬਾਹ ਕਰ ਰਹੀ ਹੈ।’ ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰੀ ਭਰਤੀ ਵਿਚ ਅਸਫ਼ਲਤਾ ਵੱਡੀ ਬੇਇਨਸਾਫ਼ੀ ਹੈ। ਉਨ੍ਹਾਂ ਕਿਹਾ, ‘‘ਪਹਿਲਾਂ ਤਾਂ ਭਰਤੀ ਨਹੀਂ ਨਿਕਲਦੀ, ਜੇਕਰ ਭਰਤੀ ਨਿਕਲ ਜਾਵੇ ਤਾਂ ਪ੍ਰੀਖਿਆ ਸਮੇਂ ਸਿਰ ਨਹੀਂ ਹੁੰਦੀ। ਪ੍ਰੀਖਿਆ ਹੁੰਦੀ ਹੈ ਤਾਂ ਪੇਪਰ ਲੀਕ ਕਰਵਾ ਦਿੰਦੇ ਹਨ। ਜਦੋਂ ਨੌਜਵਾਨ ਇਨਸਾਫ਼ ਦੀ ਮੰਗ ਕਰਦੇ ਹਨ ਤਾਂ ਉਨ੍ਹਾਂ ਦੀ ਆਵਾਜ਼ ਨੂੰ ਬੇਰਹਿਮੀ ਨਾਲ ਦਬਾਇਆ ਜਾਂਦਾ ਹੈ।’’ ਰਾਹੁਲ ਗਾਂਧੀ ਨੇ ਕਿਹਾ, ‘ਹਾਲ ਹੀ ’ਚ ਉੱਤਰ ਪ੍ਰਦੇਸ਼ ਅਤੇ ਬਿਹਾਰ ਵਿਚ ਵਾਪਰੀਆਂ ਤਾਜ਼ਾ ਘਟਨਾਵਾਂ ਤੋਂ ਬਾਅਦ ਹੁਣ ਮੱਧ ਪ੍ਰਦੇਸ਼ ਵਿਚ ਐਮਪੀਪੀਐਸਸੀ ਵਿਚ ਹੋਈਆਂ ਬੇਨਿਯਮੀਆਂ ਦਾ ਵਿਰੋਧ ਕਰ ਰਹੇ ਦੋ ਵਿਦਿਆਰਥੀਆਂ ਨੂੰ ਜੇਲ ਵਿਚ ਡੱਕ ਦਿਤਾ ਗਿਆ ਹੈ। ਉਹ ਵੀ ਉਦੋਂ ਜਦੋਂ ਮੁੱਖ ਮੰਤਰੀ ਨੇ ਖ਼ੁਦ ਵਿਦਿਆਰਥੀਆਂ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਦੀਆਂ ਮੰਗਾਂ ’ਤੇ ਵਿਚਾਰ ਕਰਨ ਦਾ ਭਰੋਸਾ ਦਿਤਾ।’’ ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਸਰਕਾਰ ਨੇ ਵਿਦਿਆਰਥੀਆਂ ਦਾ ਭਰੋਸਾ ਤੋੜ ਕੇ ਲੋਕਤੰਤਰੀ ਪ੍ਰਣਾਲੀ ਦਾ ਗਲਾ ਘੁੱਟਿਆ ਹੈ।

ਦਸਣਯੋਗ ਹੈ ਕਿ ਮੱਧ ਪ੍ਰਦੇਸ਼ ਵਿਚ ਅੰਦੋਲਨ ਕਰ ਰਹੇ ਉਮੀਦਵਾਰਾਂ ਦਾ ਦਾਅਵਾ ਹੈ ਕਿ ਐਮਪੀਪੀਐਸਸੀ ਦੀਆਂ 700 ਅਸਾਮੀਆਂ ਦੀ ਭਰਤੀ ਦੇ ਵਾਅਦ ਦੇ ਉਲਟ ਸਿਰਫ਼ 158 ਅਸਾਮੀਆਂ ਲਈ ਨੋਟੀਫ਼ਿਕੇਸ਼ਨ ਜਾਰੀ ਕੀਤਾ ਗਿਆ ਹੈ।

# ਥੀਏਟਰ ਭਗਦੜ ਕੇਸ ਵਿਚ ਅਦਾਕਾਰ ਅਲੂ ਅਰਜੁਨ ਨੂੰ ਨਿਯਮਤ ਜ਼ਮਾਨਤ



**ਹੈਦਰਾਬਾਦ।** ਸਥਾਨਕ ਕੋਰਟ ਨੇ ਥੀਏਟਰ ਦੇ ਬਾਹਰ ਭਗਦੜ ਕੇਸ ਵਿਚ ਤੈਲਗੂ ਅਦਾਕਾਰ ਅਲੂ ਅਰਜੁਨ ਨੂੰ ਨਿਯਮਤ ਜ਼ਮਾਨਤ ਦੇ ਦਿੱਤੀ ਹੈ। ਅਦਾਕਾਰ ਦੀ ਹਾਲੀਆ ਰਿਲੀਜ਼ ਫ਼ਿਲਮ ‘ਪੁਸ਼ਪਾ-2’ ਦੀ ਸਕਰੀਨਿੰਗ ਮੌਕੇ ਥੀਏਟਰ ਦੇ ਬਾਹਰ ਮਚੀ ਭਗਦੜ ’ਚ ਇਕ ਮਹਿਲਾ ਦੀ ਮੌਤ ਹੋ ਗਈ ਸੀ। ਇਸ ਕੇਸ ਵਿਚ ਅਦਾਕਾਰ ਨੂੰ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਵਧੀਕ ਮੈਟਰੋਪਾਲਿਟਨ ਸੈਸਨਜ਼ ਜੱਜ ਨੇ ਅਦਾਕਾਰ ਤੇ ਪੁਲੀਸ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਮਗਰੋਂ ਫੈਸਲਾ ਰਾਖਵਾਂ ਰੱਖ ਲਿਆ ਸੀ। ਕੋਰਟ ਨੇ ਅਦਾਕਾਰ ਨੂੰ 50-50 ਹਜ਼ਾਰ ਰੁਪਏ ਦੀਆਂ ਦੋ ਜਾਮਨੀਆਂ ਦੇ ਨਾਲ ਇੰਨੀ ਹੀ ਰਕਮ ਦੀ ਆਪਣੀ ਜਾਮਨੀ ਭਰਨ ਦੀ ਵੀ ਹਦਾਇਤ ਕੀਤੀ ਹੈ। ਜ਼ਮਾਨਤ ਦੀਆਂ ਸ਼ਰਤਾਂ ਮੁਤਾਬਕ ਅਦਾਕਾਰ ਨੂੰ ਹਰੇਕ ਐਤਵਾਰ ਨੂੰ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ ਇਕ ਵਜੇ ਦਰਮਿਆਨ ਦੋ ਮਹੀਨਿਆਂ ਦੇ ਅਰਸੇ ਜਾਂ ਦੋਸ਼ਪੱਤਰ ਦਾਖਲ ਹੋਣ ਤੱਕ ਜਾਂਚ ਅਧਿਕਾਰੀ ਅੱਗੇ ਪੇਸ਼ ਹੋਣਾ ਹੋਵੇਗਾ। ਇਹੀ ਨਹੀਂ ਕੋਰਟ ਨੇ ਅਦਾਕਾਰ ਨੂੰ ਕੇਸ ਦੇ ਨਿਬੇੜੇ ਤੱਕ ਘਰ ਨਾ ਬਦਲਣ ਤੇ ਕੋਰਟ ਦੀ ਆਗਿਆ ਤੋਂ ਬਗੈਰ ਦੇਸ਼ ਛੱਡਣ ਤੋਂ ਵੀ ਵਰਜਿਆ ਹੈ। ਦੱਸ ਦੇਈਏ ਕਿ ਅਦਾਕਾਰ ਨੂੰ 13 ਦਸੰਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਅਗਲੇ ਹੀ ਦਿਨ ਤਿਲੰਗਾਨਾ ਹਾਈ ਕੋਰਟ ਵੱਲੋਂ ਦਿੱਤੀ ਚਾਰ ਹਫ਼ਤਿਆਂ ਦੀ ਅੰਤਰਿਮ ਜ਼ਮਾਨਤ ਮਗਰੋਂ ਜੇਲ੍ਹ ’ਚੋਂ ਰਿਹਾਅ ਕਰ ਦਿੱਤਾ ਗਿਆ ਸੀ। ਇਸ ਅੰਤਰਿਮ ਜ਼ਮਾਨਤ ਦੀ ਮਿਆਦ 10 ਜਨਵਰੀ ਨੂੰ ਖ਼ਤਮ ਹੋ ਰਹੀ ਸੀ। ਹੈਦਰਾਬਾਦ ਦੇ ਸੰਧਿਆ ਥੀਏਟਰ ਦੇ ਬਾਹਰ ਮਚੀ ਭਗਦੜ ਵਿਚ 35 ਸਾਲਾ ਮਹਿਲਾ ਦੀ ਮੌਤ ਹੋ ਗਈ ਸੀ ਜਦੋਂਕਿ ਉਸ ਦਾ ਅੱਠ ਸਾਲਾਂ ਬੇਟਾ ਜ਼ਖ਼ਮੀ ਹੋ ਗਿਆ ਸੀ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਈ.ਟੀ.ਟੀ.ਅਧਿਆਪਕ ਯੂਨੀਅਨ ਕਪੂਰਥਲਾ ਨੇ ਆਪਣੇ ਆਪ ਨੂੰ ਸਟੇਟ ਬਾਡੀ ਨਾਲੋਂ ਕੀਤਾ ਅਲੱਗ

## ਸੂਬਾ ਕਮੇਟੀ ਮੈਂਬਰ ਬੁਲਾਏ ਵਾਪਸ,ਸਰਕਾਰ ਦੀ ਬੁੱਕਲ ਵਿੱਚ ਬੈਠਣਾ ਜਥੇਬੰਦੀ ਦੀ ਮੂਲ ਵਿਚਾਰਧਾਰਾ ਦੇ ਉਲਟ- ਅਧਿਆਪਕ ਆਗੂ

**ਕਪੂਰਥਲਾ (ਕੌੜਾ)-** ਈ.ਟੀ.ਟੀ.ਅਧਿਆਪਕ ਯੂਨੀਅਨ ਪੰਜਾਬ ਦੀ ਇਕਾਈ ਕਪੂਰਥਲਾ ਦੀ ਅਹਿਮ ਮੀਟਿੰਗ ਸਥਾਨਕ ਸ਼ਾਲਾਮਾਰ ਬਾਗ ਵਿਖੇ ਜਿਲ੍ਹਾ ਪ੍ਰਧਾਨ ਗੁਰਮੇਜ ਸਿੰਘ ਤਲਵੰਡੀ ਚੌਧਰੀਆਂ ਦੀ ਅਗਵਾਈ ਹੇਠ ਹੋਈ । ਇਸ ਮੌਕੇ ਤੇ ਸੂਬਾਈ ਆਗੂ ਰਛਪਾਲ ਸਿੰਘ ਵੜੈਚ ਨੇ ਕਿਹਾ ਕਿ ਜਥੇਬੰਦੀ ਦੀ ਸੂਬਾ ਬਾਡੀ ਪਿਛਲੇ ਕੁਝ ਸਮੇਂ ਤੋ ਜਥੇਬੰਦੀ ਨੂੰ ਆਪਣੀ ਮੂਲ ਵਿਚਾਰਧਾਰਾ ਦੇ ਉਲਟ ਚਲਾ ਰਹੀ ਹੈ। ਅਜਿਹੇ ਸਮੇਂ ਜਦ ਸਰਕਾਰ ਦਾ ਡੰਗ ਮੁਲਾਜ਼ਮ ਪ੍ਰਤੀ ਦਿਨ ਪ੍ਰਤੀ ਦਿਨ ਤਿੱਖਾ ਹੋ ਰਿਹਾ ਹੋਵੇ ਅਤੇ ਪੰਜਾਬ ਦਾ ਹਰ ਵਰਗ ਸਰਕਾਰ ਖਿਲਾਫ ਹੱਕਾਂ ਲਈ ਸੜ੍ਕਾਂ 'ਤੇ ਰੁਲ ਰਿਹਾ ਹੋਵੇ । ਅਜਿਹੇ ਸਮੇਂ ਜਥੇਬੰਦੀ ਦੇ ਆਗੂ ਦਿੱਲੀ ਜਾ ਕੇ ਸਰਕਾਰ ਦਾ ਪ੍ਰਚਾਰ ਕਰਦੇ ਫਿਰਨ ਤਾਂ , ਜਥੇਬੰਦੀ ,ਜਥੇਬੰਦੀ ਨਹੀਂ, ਰਾਜਸੀ ਪਾਰਟੀ ਦਾ ਵਿੰਗ ਬਣੀ ਲੱਗਦੀ ਹੈ। ਉਹਨਾਂ ਕਿਹਾ ਕਿ ਈ.ਟੀ.ਟੀ.ਅਧਿਆਪਕ ਯੂਨੀਅਨ ਦਾ ਇਤਿਹਾਸ ਬਹੁਤ ਗੌਰਵਮਈ ਰਿਹਾ ਹੈ। ਪਰ ਹੁਣ ਇਸ ਇਤਿਹਾਸ ਨੂੰ ਖਤਮ ਕੀਤਾ ਜਾ ਰਿਹਾ ਹੈ।



ਈ.ਟੀ.ਟੀ.ਅਧਿਆਪਕ ਯੂਨੀਅਨ ਪੰਜਾਬ ਦੀ ਇਕਾਈ ਕਪੂਰਥਲਾ ਦੀ ਅਹਿਮ ਮੀਟਿੰਗ ਦੌਰਾਨ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪ੍ਰਧਾਨ ਗੁਰਮੇਜ ਸਿੰਘ ਤਲਵੰਡੀ ਚੌਧਰੀਆਂ, ਸੂਬਾਈ ਆਗੂ ਰਛਪਾਲ ਸਿੰਘ ਵੜੈਚ, ਦਲਜੀਤ ਸਿੰਘ ਸੈਣੀ ਤੇ ਹੋਰ।

ਇਸ ਮੌਕੇ ਤੇ ਹਾਜ਼ਰ ਆਗੂਆਂ ਨੇ ਲੰਬੇ ਵਿਚਾਰ ਵਟਾਂਦਰੇ ਉਪਰੰਤ ਕਪੂਰਥਲਾ ਇਕਾਈ ਨੂੰ ਸੂਬਾ ਬਾਡੀ ਨਾਲੋਂ ਅਲੱਗ ਕਰਨ ਦਾ ਫੈਸਲਾ ਕੀਤਾ । ਇਸ ਮੌਕੇ ਤੇ ਕਪੂਰਥਲਾ ਜਿਲ੍ਹੇ ਵੱਲੋਂ ਭੇਜੇ ਦੋਨੋਂ ਸੂਬਾ ਕਮੇਟੀ ਮੈਂਬਰਾਂ ਜਿਨ੍ਹਾਂ ਵਿੱਚ ਦਲਜੀਤ ਸਿੰਘ ਸੈਣੀ ਤੇ ਰਛਪਾਲ ਸਿੰਘ ਵੜੈਚ ਨੂੰ ਸਟੇਟ ਤੋਂ ਵਾਪਸ ਬੁਲ-ਾਉਣ ਦਾ ਫੈਸਲਾ ਕੀਤਾ। ਇਸ ਮੌਕੇ ਹਾਜਰ ਮੈਂਬਰਾਂ ਨੇ ਮਤਾ ਪਾਇਆ ਕਿ ਜਦ ਤੱਕ ਸਟੇਟ ਕਮੇਟੀ ਜਥੇਬੰਦੀ ਗਵਾਚੀ ਜਥੇਬੰਦਕ ਸੋਚ ਵਾਪਸ ਬਹਾਲ ਨਹੀਂ ਕਰਦੀ ਤਦ ਤੱਕ ਕਪੂਰਥਲਾ ਜਿਲ੍ਹੇ ਦਾ ਸੂਬਾ ਕਮੇਟੀ ਨਾਲ ਕੋਈ ਲੈਣਾ ਦੇਣਾ ਨਹੀਂ ਹੋਵੇਗਾ। ਇਸ ਮੌਕੇ ਤੇ ਸੂਬਾ ਕਮੇਟੀ ਮੈਂਬਰ ਦਲਜੀਤ ਸੈਣੀ,ਜਿਲ੍ਹਾ ਸਰਪ੍ਰਸਤ ਕਰਮਜੀਤ ਗਿੱਲ, ਬਲਾਕ ਪ੍ਰਧਾਨ ਕਪੂਰਥਲਾ 3 ਸੁਖਦੇਵ ਸਿੰਘ, ਬਲਾਕ ਪ੍ਰਧਾਨ ਨਡਾਲਾ ਲਕਸ਼ਦੀਪ ਸ਼ਰਮਾ,ਵਿਵੇਕ ਸ਼ਰਮਾਂ,ਬਲਾਕ ਪ੍ਰਧਾਨ ਸੁਲਤਾਨਪੁਰ ਲੋਧੀ 1 ਸ਼ਿੰਦਰ ਸਿੰਘ ਜੱਬੋਵਾਲ,ਬਲਾਕ ਪ੍ਰਧਾਨ ਮਸੀਤਾਂ ਸੁਖਵਿੰਦਰ ਸਿੰਘ ਕਾਲੇਵਾਲ,ਜਿਲ੍ਹਾ ਕੈਸ਼ੀਅਰ ਅਵਤਾਰ ਸਿੰਘ ਹੈਬਤਪੁਰ,ਜਿਲ੍ਹਾ ਪ੍ਰੈਸ ਸਕੱਤਰ ਕੰਵਲਪ੍ਰੀਤ ਕੌੜਾ,ਜਿਲ੍ਹਾ ਕਮੇਟੀ ਮੈਂਬਰ ਅਮਨਦੀਪ ਸਿੰਘ ਖਿੰਡਾ, ਨਿਰਮਲ ਸਿੰਘ ਸੋਢੀ ਬੂਲਪੁਰ,ਪਰਮਿੰਦਰ ਸਿੰਘ ਆਦਿ ਹਾਜਰ ਸਨ।

# ਰਾਸ਼ਟਰੀ ਮੂਲ ਭਾਰਤੀ ਚਿੰਤਨ ਸੰਘ ਨੇ ਨਾਨਕਸਰ ਨੇੜੇ ਸਵਿਤਰੀ ਬਾਈ ਫੂਲੇ ਦਾ ਜਨਮ ਦਿਵਸ ਮਨਾਇਆ



3 ਜਨਵਰੀ 2025 ਨੂੰ ਨਾਨਕਸਰ ਨੇੜੇ ਜਗਰਾਉਂ (ਲੁਧਿਆਣਾ) ਵਿਖੇ ਪੂਜਨੀਕ ਮਾਤਾ, ਭਾਰਤ ਦੀ ਪਹਿਲੀ ਮਹਿਲਾ ਅਧਿਆਪਕ ਦਾ ਜਨਮ ਦਿਵਸ ਰਾਸ਼ਟਰੀ ਮੂਲ ਭਾਰਤੀ ਚਿੰਤਨ ਸੰਘ ਵੱਲੋਂ ਮਨਾਇਆ ਗਿਆ। ਦਲਿਤ ਸਮਾਜ ਦੀ ਪੁਰਾਣੇ ਸਮੇਂ ਅਤੇ ਅਜੋਕੇ ਸਮੇਂ ਦੀ ਦਿਸ਼ਾ ਅਤੇ ਦਸ਼ਾ 'ਤੇ ਖਾਸ ਤੌਰ ਤੇ ਸ਼ੂਦਰਾਂ ਅਤੇ ਇਸਤ੍ਰੀਆਂ ਸਬੰਧੀ ਵਿਚਾਰ ਚਰਚਾ ਨੌਜਵਾਨ ਲੜਕੀਆਂ ਨਾਲ ਕੀਤੀ ਗਈ। ਸਵਿਤਰੀ ਬਾਈ ਫੂਲੇ ਦੁਆਰਾ ਦਲਿਤ ਵਰਗ ਦੇ ਵਿਦਿਆਰਥੀਆਂ ਦੀ ਭਲਾਈ ਹਿੱਤ ਗਿਆਨ ਦਾ ਚਾਨਣ ਫੈਲਾਉਣ ਸਮੇਂ ਦਰਪੇਸ਼ ਬ੍ਰਾਹਮਣਵਾਦੀ ਸਮਾਜ ਦੀਆਂ ਰੁਕਾਵਟਾਂ ਬਾਰੇ ਵੀ ਵਿਦਿਆਰਥੀਆਂ ਨੂੰ ਵਿਸਥਾਰਤ ਦੱਸਿਆ ਗਿਆ ਛਇਸ ਸਮਾਗਮ ਵਿੱਚ ਬੋਲਦਿਆਂ ਡਾਕਟਰ ਸੁਰਜੀਤ ਸਿੰਘ ਦੌਧਰ, ਸ: ਭੁਪਿੰਦਰ ਸਿੰਘ ਚੰਗਣ ਅਤੇ ਲੈਕ: ਬਲਦੇਵ ਸਿੰਘ ਸੁਧਾਰ ਨੇ ਸਿੱਖਿਆ ਕਿਉਂ ਜਰੂਰੀ ਹੈ , ਇਸ ਤੇ ਵਿਚਾਰਾਂ ਕੀਤੀਆਂ ਅਤੇ ਪੂਜਨੀਕ ਮਾਤਾ ਸਾਵਿਤਰੀ ਬਾਈ ਫੂਲੇ ਦੇ ਜੀਵਨ ਤੇ ਚਾਨਣਾ ਆਉਂਦੇ ਆ ਉਹਨਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ।



# ਮਾਡਰਨ ਪੇਂਡੂ ਮਿੰਨੀ ਉਲੰਪਿਕ ਜਰਖੜ ਖੇਡਾਂ 7-8-9 ਫਰਵਰੀ ਨੂੰ

**ਲੁਧਿਆਣਾ ਨਕੋਦਰ ਮਹਿਤਪੁਰ(ਹਰਜਿੰਦਰ ਪਾਲ ਛਾਬੜਾ)** ਪੰਜਾਬ ਦੀਆਂ 37ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਇਸ ਵਰੇ 7-8 ਅਤੇ 9 ਫਰਵਰੀ ਨੂੰ ਹੋਣਗੀਆਂ । ਜਰਖੜ ਖੇਡਾਂ ਸਬੰਧੀ ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਦੀ ਜਰੂਰੀ ਮੀਟਿੰਗ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਜਰਖੜ ਖੇਡ ਸਟੇਡੀਅਮ ਵਿਖੇ ਹੋਈ, ਮੀਟਿੰਗ ਦੇ ਕਾਰਵਾਈ ਬਾਰੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਅਤੇ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਇਹਨਾਂ ਖੇਡਾਂ ਵਿੱਚ ਨਾਇਬ ਸਿੰਘ ਗਰੇਵਾਲ ਜੋਧਾ ਓਪਨ ਕਬੱਡੀ ਕੱਪ,ਹਾਕੀ ਸੀਨੀਅਰ (ਮੁੰਡੇ ਕੁੜੀਆਂ) ਹਾਕੀ ਸਬ ਜੂਨੀਅਰ ਮੁੰਡੇ ,ਵਾਲੀਬਾਲ , , ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਦੀਆਂ ਖੇਡਾਂ ਫੁੱਟਬਾਲ , ਕਬੱਡੀ ਤੋ ਇਲਾਵਾ ਸੀਨੀਅਰ ਸੈਕੰਡਰੀ ਸਕੂਲਾਂ ਦੇ ਬੱਚਿਆਂ ਦੀਆਂ



ਖੇਡਾਂ ਰੱਸਾਕਸੀ ,ਕਬੱਡੀ ਨੈਸ਼ਨਲ ਸਟਾਈਲ ,ਵਾਲੀਬਾਲ ਆਦਿ ਹੋਰ ਖੇਡਾਂ ਦੇ ਮੁਕਾਬਲੇ ਹੋਣਗੇ । ਉਨ੍ਹਾਂ ਦੱਸਿਆ ਕਿ ਹਾਕੀ ਦੇ ਮੁਕ-ਾਬਲੇ 7 ਫਰਵਰੀ ਨੂੰ ਸ਼ੁਰੂ ਹੋਣਗੇ ਜਦਕਿ ਟੂਰਨਾਮੈਂਟ ਦਾ ਉਦਘਾਟਨ ਵੀ 7 ਫਰਵਰੀ ਨੂੰ ਹੋਵੇਗਾ ਅਤੇ ਫਾਈਨਲ ਮੁਕਾ-ਬਲੇ 9 ਫਰਵਰੀ ਨੂੰ ਹੋਣਗੇ । ਇਸ ਮੌਕੇ ਦੁਪਹਿਰੇ 2 ਵਜੇ ਨਾਮੀ ਗਾਇਕਾ ਦਾ ਖੁੱਲਾ ਅਖਾੜਾ ਲੱਗੇਗਾ। ਗਾਇਕਾਂ ਬਾਰੇ ਫੈਸਲਾ ਅਗਲੀ ਮੀਟਿੰਗ ਵਿੱਚ ਲਿਆ ਜਾਵੇਗਾ।ਕਬੱਡੀ ਦੇ ਮੈਚ ਸ਼ਾਮ 5 ਵਜੇ ਤੋਂ ਪਹਿਲਾਂ ਹੀ ਸਮਾਪਤ ਕਰ ਦਿੱਤੇ ਜਾਣਗੇ। ਜੇਤੂ ਖਿਡਾਰੀਆਂ ਨੂੰ ਏਵਨ ਸਾਈਕਲ ਕੰਪਨੀ ਵੱਲੋਂ 60 ਸਾਈਕਲ ਦਿੱਤੇ ਜਾਣਗੇ। ਅੱਜ ਦੀ ਮੀਟਿੰਗ ਵਿੱਚ ਇੰਸਪੈਕਟਰ ਬਲਬੀਰ ਸਿੰਘ ਹੀਰ, ਸਰਪੰਚ ਸੰਦੀਪ ਸਿੰਘ ਜਰਖੜ,ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਸ਼ਿੰਗਾਰਾ ਸਿੰਘ ਜਰਖੜ, ਪਰਮਜੀਤ ਸਿੰਘ ਨੀਟੂ, ਦੁਪਿੰਦਰ ਸਿੰਘ ਡਿੰਪੀ, ਸਾਹਿਬਜੀਤ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਪਰਮਜੀਤ ਸਿੰਘ ਪੰਮਾ ਗਰੇਵਾਲ, ਗੁਰਤੇਜ ਸਿੰਘ ਬਾਕਸਿੰਗ ਕੋਚ, ਜਸਮੇਲ ਸਿੰਘ ਨੋਕਵਾਲ, ਤੇਜਿੰਦਰ ਸਿੰਘ ਜਰਖੜ, ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਗੜੀ ਪੂਲ ਉੱਪਰ ਲੱਗੇ ਧਰਨੇ ਵਿੱਚ ਕਿਸਾਨ ਆਗੂ ਰਾਜੇਵਾਲ ਦੀ ਗੈਰ ਹਾਜ਼ਰੀ ਰੜਕਦੀ ਰਹੀ

**ਮਾਛੀਵਾੜਾ ਸਾਹਿਬ/ ਬਲਬੀਰ ਸਿੰਘ ਬੱਬੀ**

ਰੋਪੜ ਤੋਂ ਦੋਰਾਹਾ ਤਕ ਚਲ ਰਹੀ ਸਰਹੰਦ ਨਹਿਰ ਜੋ ਕਿ ਅੰਗਰੇਜ਼ਾਂ ਦੇ ਸਮੇਂ ਕੱਢੀ ਗਈ ਤੇ ਉਸ ਵੇਲੇ ਤੋਂ ਹੀ ਇਹ ਕੱਚੀ ਨਹਿਰ ਦੇ ਨਾਮ ਨਾਲ ਜਾਣੀ ਜਾਂਦੀ ਹੈ। ਮੌਜੂਦਾ ਪੰਜਾਬ ਸਰਕਾਰ ਨੇ ਇਸ ਸਰਹੰਦ ਨਹਿਰ ਨੂੰ ਪੱਕਿਆਂ ਕਰਨ ਦਾ ਐਲਾਨ ਕੀਤਾ ਤੇ ਅਨੇਕਾਂ ਥਾਵਾਂ ਉੱਤੇ ਕੰਮ ਵੀ ਸ਼ੁਰੂ ਕਰ ਦਿੱਤਾ ਗਿਆ। ਇਸ ਦੇ ਵਿਰੋਧ ਦੇ ਵਿੱਚ ਕਿਸਾਨ ਯੂਨੀਅਨਾਂ ਤੇ ਆਮ ਲੋਕਾਂ ਦੇ ਵੱਲੋਂ ਲਾਮਬੰਦ ਹੋ ਕੇ ਇਸ ਨਹਿਰ ਨੂੰ ਪੱਕਿਆ ਕਰਨ ਦਾ ਵਿਰੋਧ ਕੀਤਾ ਜਾ ਰਿਹਾ ਹੈ। ਅੱਜ ਇੱਕ ਧਰਨਾ ਪ੍ਰਦਰਸ਼ਨ ਮਾਛੀਵਾੜਾ ਸਮਰਾਲਾ ਸੜਕ ਉੱਤੇ ਸਰਹੰਦ ਨਹਿਰ ਉੱਤੇ ਪੈਂਦੇ ਗੜੀ ਪੁੱਲ ਦੇ ਉੱਪਰ ਦਿੱਤਾ ਗਿਆ ਜਿਸ ਵਿੱਚ ਇਲਾਕੇ ਨਾਲ ਸੰਬੰਧਿਤ ਆਮ ਲੋਕ ਤੇ ਵੱਖ-ਵੱਖ ਕਿਸਾਨ ਯੂਨੀਅਨਾਂ ਤੋਂ ਇਲਾਵਾ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਤੇ ਵਰਕਰ



ਵੱਡੀ ਗਿਣਤੀ ਵਿੱਚ ਪੁੱਜੇ। ਧਰਨਾ ਪ੍ਰਦਰਸ਼ਨ ਚੱਲਿਆ ਸੜਕਾਂ ਜਾਮ ਕੀਤੀਆਂ ਗਈਆਂ ਪਰ ਇਸ ਮੌਕੇ ਸਮਰਾਲਾ ਤੋਂ ਹੀ ਪ੍ਰਮੁੱਖ ਕਿਸਾਨ ਲੀਡਰ ਬਲਵੀਰ ਸਿੰਘ ਰਾਜੇਵਾਲ ਇਸ ਧਰਨਾ ਪ੍ਰਦਰਸ਼ਨ ਵਿੱਚੋਂ ਗੈਰ ਹਾਜ਼ਰ ਨਜ਼ਰ ਆਏ। ਕਿਸਾਨਾਂ ਦੀਆਂ ਮੰਗਾਂ ਸਬੰਧੀ ਕਿਸਾਨ ਮੋਰਚੇ ਦੌਰਾਨ ਲੜਾਈ ਲੜਨ ਵਿੱਚ ਸਭ ਤੋਂ ਮੋਹਰੀ ਰਹੇ ਰਾਜੇਵਾਲ ਅੱਜ ਆਪਣੇ ਇਲਾਕੇ ਦੇ ਵਿੱਚ ਪਾਣੀ ਸਬੰਧੀ ਜੋ ਧਰਨਾ ਪ੍ਰਦਰਸ਼ਨ ਸੀ ਉਸ ਵਿੱਚ ਨਜਰ ਨਹੀਂ ਆਏ ਹਾਲਾਂਕਿ ਬਲਵੀਰ ਸਿੰਘ ਰਾਜੇਵਾਲ ਅਕਸਰ ਹੀ ਪੰਜਾਬ ਦੇ ਪਾਣੀਆਂ ਸਬੰਧੀ ਗੱਲਬਾਤ ਕਰਦੇ ਨਜ਼ਰ ਆਉਂਦੇ ਹਨ।

ਅੱਜ ਜੋ ਧਰਨਾ ਪ੍ਰਦਰਸ਼ਨ ਚੱਲ ਰਿਹਾ ਸੀ ਉਸ ਵਿੱਚ ਆਮ ਲੋਕਾਂ ਤੇ ਕਿਸਾਨ ਆਗੂਆਂ ਨੇ ਇਸ ਗੱਲ ਦੀ ਚਰਚਾ ਛੇੜੀ ਕਿ ਸਾਡੇ ਇਲਾਕੇ ਦੇ ਵੱਡੇ ਕਿਸਾਨ ਆਗੂ ਗੈਰ ਹਾਜ਼ਰ ਕਿਉਂ?

# 7 ਜਨਵਰੀ ਨੂੰ ਕੌਮੀ ਇਨਸਾਫ ਮੋਰਚੇ ਚ ਚਾਰੇ ਧਰਮਾਂ ਦੇ ਆਗੂਆਂ,ਵਰਕਰਾਂ ਅਤੇ ਆਮ ਸੰਗਤਾਂ ਨੂੰ ਪਹੁੰਚਣ ਦੀ ਅਪੀਲ

## ਨੌਜਵਾਨਾਂ ਨੂੰ ਦੋ ਸਾਲਾਂ ਤੋਂ ਉਡੀਕ ਰਿਹਾ ਮੋਹਾਲੀ ਚ ਸਿੱਖ ਕੌਮ ਦੀਆਂ ਮੰਗਾਂ ਨੂੰ ਲੈਕੇ ਲੱਗਿਆ ਕੌਮੀ ਇਨਸਾਫ ਮੋਰਚਾ - ਸੁੱਖ ਗਿੱਲ ਮੋਗਾ

**ਧਰਮਕੋਟ,ਮੋਗਾ ( ਚੰਦੀ )** - ਪਿਛਲੇ ਦੋ ਸਾਲਾਂ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇ-ਅਦਬੀਆਂ,ਗੁੰਮ ਹੋਏ 328 ਸਰੂਪਾਂ ਦੇ ਮਸਲੇ ਅਤੇ ਭਾਈ ਜਗਤਾਰ ਸਿੰਘ ਹਵਾਰਾ,ਭਾਈ ਅੰਮ੍ਰਿਤਪਾਲ ਸਿੰਘ (ਐਮ ਪੀ) ਸਮੇਤ ਸਾਰੇ ਹੀ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈਕੇ ਸਾਰੀਆਂ ਮੁੱਖ ਮੰਗਾਂ ਤੇ ਲੜ ਰਹੇ ਪੰਜਾਬ ਦੇ ਸਿੱਖ ਚਿੰਤਤ ਅਤੇ ਕਿਸਾਨ ਜਥੇਬੰਦੀਆਂ ਨੇ ਸਾਂਝੇ ਤੌਰ ਤੇ 7 ਜਨਵਰੀ ਨੂੰ ਮੋਰਚੇ ਦੇ ਦੋ ਸਾਲ ਪੂਰੇ ਹੋਣ ਤੇ ਕੌਮ ਨੂੰ ਹਲੂਣਾ ਦੇਣ ਲਈ ਇੱਕ ਵੱਡਾ ਇਕੱਠ ਰੱਖਕੇ ਮੁੱਖ ਮੰਤਰੀ ਦੀ ਰਹਾਇਸ਼ ਵੱਲ ਨੂੰ ਰੋਸ ਮਾਰਚ ਕਰਨ ਉਪਰੰਤ ਉਹਨਾਂ ਦੀ ਚੰਡੀਗੜ੍ਹ ਰਹਾਇਸ਼ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੈ,ਇਸ ਬਾਰੇ ਪੱਤਰਕਾਰਾਂ ਨੂੰ ਵਿਸ਼ੇਸ਼ ਤੌਰ ਤੇ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਦੇ ਸੂਬਾ ਪ੍ਰਧਾਨ ਅਤੇ ਮੈਂਬਰ ਤਾਲਮੇਲ ਕਮੇਟੀ ਕੌਮੀ ਇਨਸਾਫ ਮੋਰਚਾ ਸੁੱਖ ਗਿੱਲ ਮੋਗਾ ਨੇ ਜਾਣਕਾਰੀ ਦਿੱਤੀ,ਉਹਨਾਂ ਨੇ ਪੰਜਾਬ ਦੇ ਨੌਜਵਾਨਾਂ ਨੂੰ ਮਿਹਣਾ ਮਾਰਦਿਆਂ ਵੰਗਾਰਿਆ ਕੇ ਦੋ ਸਾਲਾਂ ਤੋਂ ਮੋਹਾਲੀ-ਚੰਡੀਗੜ੍ਹ ਦੀ ਸਰਹੱਦ ਤੇ ਸਿੱਖ ਕੌਮ ਦੀਆਂ ਮੁੱਖ ਮੰਗਾਂ ਨੂੰ ਲੈਕੇ ਲੱਗਿਆ ਕੌਮੀ ਇਨਸਾਫ ਮੋਰਚਾ ਤੁਹਾਨੂੰ ਉਡੀਕ ਰਿਹਾ ਹੈ,ਉਹਨਾਂ ਕਿਹਾ ਕੇ ਕੋਈ ਵੀ ਲੜਾਈ ਚਾਹੇ ਉਹ ਕਿਸਾਨੀ ਦੀ ਹੋਵੇ ਜਾਂ ਫਿਰ ਸਿੱਖ ਕੌਮ ਜਾਂ ਫਿਰ ਦੇਸ਼ ਦੇ ਬਾਰਡਰਾਂ ਤੇ ਦੇਸ਼ ਦੀ ਅਣਖ ਦੀ ਲੜਾਈ ਹੋਵੇ ਨੌਜਵਾਨੀ ਤੋਂ ਬਿਨਾਂ ਜਿੱਤਣੀ ਸੰਭਵ ਨਈਂ ਹੈ,ਸੁੱਖ ਗਿੱਲ ਮੋਗਾ ਨੇ ਪੰਜਾਬ, ਹਰਿਆਣਾ,



ਰਾਜਸਥਾਨ, ਹਿਮਾਚਲ,ਦਿੱਲੀ, ਪੂਰੇ ਭਾਰਤ ਅਤੇ ਐਨ ਆਰ ਆਈ ਵੀਰਾਂ ਨੂੰ ਅਪੀਲ ਕਰਦਿਆਂ ਕਿਹਾ ਕੇ ਇੱਕ ਵਾਰ ਕੌਮ ਦੇ ਲੱਗੇ ਮੋਰਚੇ ਵਿੱਚ ਹਰ ਤਰਾਂ ਦਾ ਸਾਥ ਦਿਓ,ਉਹਨਾਂ ਕਿਹਾ ਕੇ ਅਸੀਂ ਤੁਹ-ਾਡੇ ਤੋਂ ਕੋਈ ਪੈਸਾ ਨਈ ਮੰਗ ਰਹੇ ਸਿਰਫ ਆਪੋ-ਆਪਣੀਆਂ ਗੱਡੀਆਂ,ਟਰੈਕਟਰ-ਟਰਾਲੀਆਂ ਅਤੇ ਵਹੀਕਲਾਂ ਚ ਰਲਕੇ ਤੇਲ ਪਵਾਕੇ ਨੌਜਵਾਨਾਂ, ਬਜੁਰਗਾਂ, ਬੀਬੀਆਂ-ਭੈਣਾਂ ਅਤੇ ਸੰਗਤਾਂ ਨੂੰ 7 ਜਨਵਰੀ ਨੂੰ ਮੋਰਚੇ ਵਿੱਚ ਲੈ ਆਓ,ਤੁਹਾਡਾ ਦੇਣ ਅਸੀਂ ਸਾਰੀ ਜਿੰਦਗੀ ਨਈ ਦੇ ਸਕਾਂਗੇ,ਸੁੱਖ ਗਿੱਲ ਮੋਗਾ ਨੇ ਕਿਹਾ ਕੇ ਕੌਮੀ ਇਨਸਾਫ ਮੋਰਚਾ ਚੜ੍ਹਦੀ ਕਲ੍ਹਾ ਵਿੱਚ ਸੀ,ਹੈ ਅਤੇ ਹਮੇਸ਼ਾ ਚੜ੍ਹਦੀ ਕਲਾ ਚ ਰਹੇਗਾ,ਉਹਨਾਂ ਸੰਗਤਾਂ ਨੂੰ ਕਿਹਾ ਕੇ ਇਸ ਵਾਰ ਮੋਰਚੇ ਵਿੱਚ ਲੱਖਾਂ ਸੰਗਤਾਂ ਦਾ ਇਕੱਠ ਹੋਣ ਜਾ ਰਿਹਾ ਹੈ ਆਪ ਸਭ ਵੀ ਇਸ ਮੋਰਚੇ ਦਾ ਹਿੱਸਾ ਬਣੋ ਅਤੇ ਸਾਡੇ ਗਿਆਰਵੇਂ ਗੁਰੂ,ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇ-ਅਦਬੀਆਂ ਦਾ ਇਨਸਾਫ ਅਤੇ ਬੰਦੀ ਸਿੰਘਾਂ ਨੂੰ ਰਿਹਾਅ ਕਰਵਾਉਣ ਲਈ ਕੌਮੀ ਇਨਸਾਫ ਮੋਰਚੇ ਦੀ ਲੜਾਈ ਮੋਢੇ ਨਾਲ ਮੋਡਾ ਜੋੜ ਕੇ ਲੜੋ ।

# ਭਾਜਪਾ ਦੀ ਮੈਂਬਰਸ਼ਿਪ ਮੁਹਿੰਮ ਵਿੱਚ ਮੁਹਾਲੀ ਵਿਧਾਨ ਸਭਾ ਹਲਕੇ ਨੇ ਸਭ ਤੋਂ ਵੱਧ 21100 ਪ੍ਰਾਇਮਰੀ ਮੈਂਬਰ ਬਣਾਏ

**ਮੋਹਾਲੀ, ਸੰਜੀਵ ਸਿੰਘ ਸੈਣੀ**

ਭਾਜਪਾ ਵੱਲੋਂ ਪੰਜਾਬ ਵਿੱਚ ਚੱਲ ਰਹੀ ਮੁੱਢਲੀ ਮੈਂਬਰਸ਼ਿਪ ਮੁਹਿੰਮ ਤਹਿਤ ਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਵਿੱਚ ਭਾਜਪਾ ਵਰਕਰ ਲੋਕਾਂ ਨੂੰ ਮੁੱਢਲੀ ਮੈਂਬਰਸ਼ਿਪ ਹਾਸਲ ਕਰਕੇ ਪਾਰਟੀ ਨਾਲ ਜੋੜਨ ਅਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਕੰਮ ਕਰ ਰਹੇ ਹਨ। ਇਸ ਮੁਹਿੰਮ ਤਹਿਤ ਮੁਹਾਲੀ ਵਿਧਾਨ ਸਭਾ ਹਲਕਾ ਪੂਰੇ ਪੰਜਾਬ ਵਿੱਚੋਂ ਪਹਿਲੇ ਸਥਾਨ 'ਤੇ ਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁਹਾਲੀ ਦੇ ਜ਼ਿਲ੍ਹਾ ਪ੍ਰਧਾਨ ਸੰਜੀਵ ਵਸ਼ਿਸ਼ਟ ਨੇ ਦੱਸਿਆ ਕਿ ਮੁਹਾਲੀ ਵਿਧਾਨ ਸਭਾ ਹਲਕੇ ਵਿੱਚ ਵਰਕਰਾਂ ਦੀ ਮਿਹਨਤ ਰੰਗ ਲਿਆਈ ਹੈ ਅਤੇ ਇਸ ਮੁਹਿੰਮ ਦੌਰਾਨ ਹੁਣ ਤੱਕ ਮੁਹਾਲੀ ਵਿਧਾਨ ਸਭਾ ਹਲਕੇ ਤੋਂ 21100 ਲੋਕਾਂ ਨੂੰ ਭਾਜਪਾ ਦੀ ਮੁੱਢਲੀ ਮੈਂਬਰਸ਼ਿਪ ਦਿੱਤੀ ਜਾ ਚੁੱਕੀ ਹੈ ਅਤੇ ਉਹ ਪਾਰਟੀ ਵਿੱਚ ਸ਼ਾਮਲ ਹੋ ਚੁੱਕੇ ਹਨ। ਜ਼ਿਲ੍ਹੇ ਦੀ ਕੁੱਲ ਪ੍ਰਾਇਮਰੀ ਮੈਂਬਰਸ਼ਿਪ 45000 ਹੋ ਗਈ ਹੈ। ਮੁਹਾਲੀ ਵਿਧਾਨ ਸਭਾ ਦੀ ਇਸ ਪ੍ਰਾਪਤੀ ਬਾਰੇ ਭਾਜਪਾ ਦੇ ਕੌਮੀ ਜਨਰਲ ਸਕੱਤਰ ਬੀ ਐਲ ਸੰਤੋਸ਼ ਨੇ ਜ਼ਿਲ੍ਹਾ ਪ੍ਰਧਾਨ ਸੰਜੀਵ ਵਸ਼ਿਸ਼ਟ



ਨੂੰ ਚੰਡੀਗੜ੍ਹ ਵਿਖੇ ਕਰਵਾਏ ਗਏ ਸੰਗਠਨ ਉਤਸਵ ਵਿੱਚ ਇਸ ਪ੍ਰਾਪਤੀ ਲਈ ਸਨਮਾਨਿਤ ਕੀਤਾ ਅਤੇ ਮੁਹਾਲੀ ਜ਼ਿਲ੍ਹੇ ਦੀ ਸਮੁੱਚੀ ਭਾਜਪਾ ਟੀਮ ਨੂੰ ਵਧਾਈ ਦਿੱਤੀ। ਵਸ਼ਿਸ਼ਟ ਨੇ ਕਿਹਾ ਕਿ ਇਹ ਕੰਮ ਭਾਜਪਾ ਦੀ ਸਮੁੱਚੀ ਜ਼ਿਲ੍ਹਾ ਟੀਮ ਦੀ ਮਿਹਨਤ ਸਦਕਾ ਹੀ ਹੋ ਸਕਿਆ ਹੈ। ਇਸ ਕਾਰਜ ਨੂੰ ਸਫ਼ਲ ਬਣਾਉਣ ਲਈ ਪਾਰਟੀ ਦੇ ਵੱਡੇ ਤੋਂ ਲੈ ਕੇ ਛੋਟੇ ਵਰਕਰਾਂ ਨੇ ਆਪਣੀ ਪੂਰੀ ਜ਼ਿੰਮੇਵਾਰੀ ਅਤੇ ਤਨਦੇਹੀ ਨਾਲ ਯੋਗਦਾਨ ਪਾਇਆ ਹੈ। ਵਰਕਰਾਂ ਨੇ ਘਰ-ਘਰ ਜਾ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਲੋਕ ਭਲਾਈ ਨੀਤੀਆਂ ਦੇ ਫਾਇਦੇ ਦੱਸੇ, ਜਿਸ ਕਾਰਨ ਲੋਕਾਂ ਨੇ ਖੁਸ਼ੀ-ਖੁਸ਼ੀ ਭਾਜਪਾ ਦੀ ਮੈਂਬਰਸ਼ਿਪ ਲਈ। ਉਨ੍ਹਾਂ ਕਿਹਾ ਕਿ ਇੰਨੀ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਭਾਜਪਾ ਦੀ ਮੈਂਬਰਸ਼ਿਪ ਲੈਣ ਦਾ ਸਪੱਸ਼ਟ ਮਤਲਬ ਹੈ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੀ ਸਿਆਸਤ ਦੀ ਤਸਵੀਰ ਵੱਖਰੀ ਹੋਣ ਵਾਲੀ ਹੈ। ਲੋਕਾਂ ਨੇ ਮਨ ਬਣਾ ਲਿਆ ਹੈ ਕਿ ਇਸ ਵਾਰ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਲਿਆਂਦੀ ਜਾਵੇਗੀ ਤਾਂ ਜੋ ਪੰਜਾਬ ਨੂੰ ਅਸਲ ਵਿੱਚ ਰੰਗਲਾ ਪੰਜਾਬ ਬਣਾਇਆ ਜਾ ਸਕੇ।

# ਮਰਹੂਮ ਤੇਜਪਾਲ ਜੈਨ ਅਤੇ ਵਰਿੰਦਰਪਾਲ ਜੈਨ ਦੀਆਂ ਅੱਖਾਂ ਬਖਸ਼ਣਗੀਆਂ ਚਾਰ ਜੋਤਹੀਣਾਂ ਨੂੰ ਜੋਤ

**ਰੋਪੜ, (ਗੁਰਬਿੰਦਰ ਸਿੰਘ ਰੋਮੀ):** 2024 ਨੂੰ ਅਲਵਿਦਾ ਮੌਕੇ ਅਤੇ ਨਵੇਂ ਸਾਲ ਦੇ ਸੁਆਗਤ ਸਮੇਂ ਰੋਪੜ ਸ਼ਹਿਰ ਦੇ ਦੋ ਸਮਾਜ-ਸੇਵੀ ਸ਼ਖਸ ਇਸ ਰੰਗਲੀ ਦੁਨੀਆਂ ਤੋਂ ਰੁਖਸਤ ਹੋ ਗਏ। ਸ਼ਹਿਰ ਦੇ ਮੰਨੇ-ਪ੍ਰਮੰਨੇ ਬਖਤਾਵਰ ਮੱਲ ਜੈਨ ਪਰਿਵਾਰ ਦੇ ਤੇਜਪਾਲ ਜੈਨ (90 ਸਾਲ) 31 ਦਸੰਬਰ ਨੂੰ ਅਤੇ ਵਰਿੰਦਰਪਾਲ ਜੈਨ (80 ਸਾਲ) 02 ਜਨਵਰੀ ਨੂੰ ਅਕਾਲ ਚਲਾਣਾ ਕਰ ਗਏ। ਦੋਵੇਂ ਸ਼ਖਸੀਅਤਾਂ ਦੇ ਪਰਿਵਾਰਕ ਮੈਂਬਰਾਂ ਨੇ ਉਹਨਾਂ ਦੀ ਜਿਉਂਦੇ ਜੀਅ ਪ੍ਰਗਟ ਕੀਤੀਆਂ ਇੱਛਾਵਾਂ ਮੁਤਾਬਕ ਅੱਖਾਂ ਦਾਨ ਕਰ ਦਿੱਤੀਆਂ। ਜਿਸ ਲਈ ਉਨ੍ਹਾਂ ਇਸ ਖੇਤਰ ਵਿੱਚ ਕਾਰਜਸ਼ੀਲ ਨੈਣਾ ਜੀਵਨ ਜੋਤੀ ਕਲੱਬ ਨਾਲ਼ ਰਾਬਤਾ ਬਣਾਇਆ। ਉਪਰੰਤ ਕਲੱਬ ਵੱਲੋਂ ਪੁਨਰਜੋਤ ਆਈ ਬੈਂਕ ਸੁਸਾਇਟੀ, ਲੁਧਿਆਣਾ ਦੀ ਟੀਮ ਤੋਂ ਇਹ ਕਾਰਜ ਨੇਪਰੇ ਚੜ੍ਹਵਾਇਆ। ਟੀਮ ਮੁਖੀ ਡਾ. ਰਮੇਸ਼ ਨੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਵਜੋਂ ਸੰਖੇਪ ਵਿੱਚ ਇਸ ਵਿਸ਼ੇ 'ਤੇ ਚਾਨਣਾ ਪਾਇਆ ਕਿ ਇੱਕ ਮਨੁੱਖ ਵੱਲੋਂ ਦਾਨ ਕੀਤੀਆਂ ਦੋ ਅੱਖਾਂ ਇੱਕ ਇੱਕ ਕਰਕੇ ਦੋ ਜੋਤਹੀਣਾਂ ਨੂੰ ਲਗਾਈਆਂ ਜਾਂਦੀਆਂ ਹਨ। ਸੋ ਹੁਣ ਇਹਨਾਂ ਦੋ ਮਰਹੂਮ ਅੱਖਾਂ-ਦਾਨੀਆਂ ਕਰਕੇ ਚਾਰ ਵੇਖਣ ਤੋਂ ਅਸਮਰੱਥ ਮਨੁੱਖ ਵੇਖਣ ਦੇ ਕਾਬਲ ਹੋ ਜਾਣਗੇ। ਉਨ੍ਹਾਂ ਪਰਿਵਾਰਕ ਮੈਂਬਰਾਂ ਅਤੇ ਨੈਣਾਂ ਜੋਤੀ ਕਲੱਬ ਦੀ ਸ਼ਲਾਘਾ ਕਰਦਿਆਂ ਹਾਜਰੀਨਾਂ ਨੂੰ ਵੀ ਬੇਨਤੀ ਕੀਤੀ ਕਿ ਸਮਾਜ ਨੂੰ ਅੱਖਾਂ ਅਤੇ ਅੰਗ-ਦਾਨ ਬਾਰੇ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ। ਇਸ ਮੌਕੇ ਪਰਿਵਾਰਕ ਜੀਆਂ ਤੋਂ ਇਲਾਵਾ, ਕਲੱਬ ਮੈਂਬਰ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।





# ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵਲੋਂ ਸੰਵਿਧਾਨ ਬਚਾਓ ਮੋਦੀ ਹਟਾਓ ਮੁਹਿੰਮ ਤਹਿਤ ਬਾਬਾ ਸਾਹਿਬ ਅੰਬੇਡਕਰ ਜੀ ਤੇ ਅਪਮਾਨ ਜਨਕ ਟਿੱਪਣੀ ਕਰਨ ਤੇ ਅਮਿਤ ਸ਼ਾਹ ਦੀ ਅਰਥੀ ਫੂਕ ਕੇ ਪ੍ਰਦਰਸ਼ਨ ਕੀਤਾ ਗਿਆ

## ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਅੰਬੇਡਕਰ ਜੀ ਦਾ ਅਪਮਾਨ ਸਹਿਣ ਨਹੀਂ ਕੀਤਾ ਜਾਵੇਗਾ-ਆਗੂ

**ਫਿਲੌਰ/ਅੱਪਰਾ (ਦੀਪਾ)**-ਅੱਜ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਆਰਐਮਪੀਆਈ ਵੱਲੋਂ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੁਤਲਾ ਫੂਕ ਮੁਜ਼ਾਹਰਾ ਕੀਤਾ ਗਿਆ ।ਜਿਸ ਦੀ ਅਗਵਾਈ ਚਾਚਾ ਜਸਵੀਰ ਸਿੰਘ ਭੋਲੀ ਅਤੇ ਜਰਨੈਲ ਫਿਲੌਰ ਨੇ ਕੀਤੀ। ਇਸ ਮੌਕੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਸੂਬਾਈ ਆਗੂ ਸਾਥੀ ਪਰਮਜੀਤ ਰੰਧਾਵਾ ਤੇ ਜਰਨੈਲ ਫਿਲੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਅੰਦਰ ਫਿਰਕੂ ਫਾਸੀਵਾਦ ਤਾਕਤਾਂ ਸੰਵਿਧਾਨ ਦਾ ਅਪਮਾਨ ਕਰ ਰਹੀਆਂ ਹਨ ਇਹ ਤਾਕਤਾਂ ਮੰਨੂ ਸਿਮਰਤੀ ਨੂੰ ਦੇਸ਼ ਅੰਦਰ ਲਾਗੂ ਕਰਨਾ ਚਾਹੁੰਦੀਆਂ ਹਨ। ਇਸ ਵੇਲੇ ਬੀਜੇਪੀ ਸਰਕਾਰ ਨੂੰ ਰੋਕਣਾ ਅਹਿਮ ਜਰੂਰੀ ਹੋ ਗਿਆ ਹੈ ਭਾਰਤੀ ਸੰਵਿਧਾਨ ਧਰਮ ਨਿਰਪੱਖ ਲੋਕਾਂ ਦੀ ਰਾਖੀ ਕਰਦਾ ਹੈ ।ਕੇਂਦਰ ਦੀ ਸਰਕਾਰ ਲੋਕ ਮੁੱਦਿਆਂ ਤੋਂ ਧਿਆਨ ਹਟਾਉਣ ਲਈ ਬੇਲੋੜੇ ਬਿਆਨ ਦੇ ਰਹੀ ਹੈ, ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਦਕਰ ਦੇ ਵਿਰੁੱਧ ਭੱਦੀ ਸ਼ਬਦਾਵਲੀ ਵਰਤਣ ਵਾਲੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜੋ ਅੰਬੇਡਕਰ ਦਾ ਅਪਮਾਨ ਕੀਤਾ ਹੈ ਉਹ ਨਿੰਦਨ ਯੋਗ ਹੈ, ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ, ਪੀੜਿਤ ਲੋਕਾਂ ਦਾ ਮੁੱਦਿਆਂ ਤੋਂ ਧਿਆਨ ਭਟਕਾ ਕੇ ਆਮ ਜਨਤਾ ਨੂੰ ਗੁਮਰਾਹ ਕੀਤਾ ਹੈ ਇੱਕ ਵੱਡੇ ਅਹੁਦੇ ਤੇ ਬੈਠ ਕੇ ਅੰਬੇਦਕਰ ਦਾ ਉਪਮਾਨ ਕਰਨ ਵਾਲੇ ਅਮਿਤ ਸ਼ਾਹ ਜਿਸਨੇ ਖੁਦ ਸੰਵਿਧਾਨ ਦੀ ਸੋਹ ਚੁੱਕ ਕੇ ਇਸ ਵਿੱਚ ਨਿਸ਼ਟਾ ਰੱਖਣ ਦਾ ਪ੍ਰਣ ਕੀਤਾ ਸੀ ਇਥੋ ਸਰਕਾਰ ਦੀ ਮਾਨਸਿਕਤਾ ਦਾ ਪਤਾ ਚਲਦਾ ਹੈ, ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਮਨੂ ਸਮ੍ਰਿਤੀ ਦੇ ਪੁਜਾਰੀ ਹਨ ਤੇ ਭਾਰਤੀ ਸੰਵਿਧਾਨ ਨੂੰ ਨਹੀਂ ਮੰਨਦੇ ਇਹ ਆਪਣੀ ਮਨੋ ਸਮਿਤੀ ਲਾਗੂ ਕਰਨਾ ਚਾਹੁੰਦੇ ਹਨ ਜੋ ਇਨਸਾਨਾਂ ਨੂੰ ਇਨਸਾਨ ਨਹੀਂ ਸਮਝਦੇ, ਦੂਜਾ ਭਾਰਤੀ ਸੰਵਿਧਾਨ ਹੀ ਆ ਜਿਸਨੇ ਇਨਸਾਨਾਂ ਨੂੰ ਇਨਸਾਨ ਸਮਝਿਆ, ਉਨ੍ਹਾਂ ਕਿਹਾ ਕਿ ਭੀਮ ਰਾਓ ਹੀ ਲੋਕਾਂ ਦਾ ਮਸੀਹਾ ਹੈ ਜਿਹਨੇ ਲੋਕਾਂ ਨੂੰ ਉਹਨਾਂ ਦੀਆਂ ਮੁਸ਼ਕਿਲਾਂ ਦੁੱਖ ਤਕਲੀਫਾਂ ਤੋਂ ਰਾਹਤ ਦੇਣਾ ਲਈ ਲੋਕਾਂ ਨੂੰ ਸਵਿੰਧਾਨ ਦਾ ਸਹਾਰਾ ਦਿੱਤਾ ਹੈ ਅੱਜ ਦੇਸ਼ ਦੀ ਲੋਕਾਂ ਸਭਾ ਵਿਧਾਨ ਸਭਾ ਸੰਸਦ ਵਿੱਚ ਔਰਤਾਂ ਦੀ ਬਰਾਬਰ ਦੀ ਸ਼ਮੂਲੀਅਤ ਹੈ ਜੋ ਕਿ ਭੀਮ ਰਾਓ ਅੰਬੇਦਕਰ ਸੰਵਿਧਾਨ ਨਿਰਮਾਤਾ ਦੇ ਕਾਰਨ ਹੀ ਸੰਭਵ ਹੋ ਸਕਿਆ ਹੈ ਐਸੇ ਮਹਾਂਪੁਰਸ਼ ਦੇ ਖਿਲਾਫ ਭੱਦੀ ਸ਼ਬਦਾਵਲੀ ਵਰਤਣਾ ਬਹੁਤ ਹੀ ਨਿੰਦਨਯੋਗ ਹੈ। ਰੰਧਾਵਾ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਅਮਿਤ ਸ਼ਾਹ ਨੇ ਆਪਣੇ ਸ਼ਬਦ ਵਾਪਸ ਨਾ ਲਏ ਤਾਂ ਆਉਣ ਵਾਲੇ ਸਮੇਂ ਵਿੱਚ ਲੋਕਾਂ ਨੂੰ ਲਾਮਬੰਦ ਕਰਕੇ ਹੋਰ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਕੁਲਜੀਤ ਫਿਲੌਰ, ਸਨੀ ਫਿਲੌਰ, ਪਾਰਸ , ਮੇਜਰ ਫਿਲੌਰ, ਮਾਸਟਰ ਹੰਸਰਾਜ ,ਅੰਮ੍ਰਿਤ ਪਾਲ ਨੰਗਲ, ਐਡਵੋਕੇਟ ਸੰਜੀਵ ਭੋਰਾ,ਐਡਵੋਕੇਟ ਅਜੇ ਫਿਲੌਰ , ਜਸਵੰਤ ਬੋਧ, ਗਗਨ ਦੀਪ , ਜੱਸਾ ਫਿਲੌਰ ਸੰਦੀਪ ਫਿਲੌਰ ,ਪਰਸ਼ੋਤਮ ਫਿਲੌਰ, ਗੁਰਦੀਪ ਗੋਗੀ ਬੇਗਮਪੁਰ, ਹਣੀ ਸੰਤੋਖਪੁਰਾ, ਜਸਪਾਲ , ਗੁਰਬਚਨ ਰਾਮ , ਤਰਸੇਮ ਲਾਲ , ਮੱਖਣ ਸੰਤੋਖਪੁਰਾ , ਰਾਹੁਲ ਕੋਰੀ , ਨਵੀਂ ਸ਼ਾਹ ਪੁਰ, ਚਮਨ ਲਾਲ, ਕੁਲਵੰਤ ਖੇਹਰਬੇਟ, ਬਲਜੀਤ ਸਿੰਘ ਪਿੱਤੂ,ਸਾਬੀ ਫਿਲੌਰ ਸ਼ਾਮਿਲ ਹੋਏ।



# ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਨੇ ਸਥਾਪਨਾ ਦਿਵਸ ਮਨਾਇਆ - ਲਾਇਨ ਆਂਚਲ ਸੰਧੂ ਸੋਖਲ

## ਪ੍ਰਾਚੀਨ ਸ਼ਿਵ ਮੰਦਿਰ ਨੂਰਮਹਿਲ ਵਿਖੇ ਦੋ ਸੀਮੈਂਟਡ ਬੈਂਚਾਂ ਦੀ ਸੇਵਾ ਕੀਤੀ - ਲਾਇਨ ਸੋਮਿਨਾਂ ਸੰਧੂ

**ਨੂਰਮਹਿਲ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੀ ਮਹਿਲਾ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ ਅਤੇ ਉਹਨਾਂ ਦੀ ਟੀਮ ਵਲੋਂ ਕਲੱਬ ਦਾ ਸਥਾਪਨਾ ਦਿਵਸ ਅਤੇ ਨਵਾਂ ਸਾਲ 2025 ਸੇਵਾ ਭਾਵਨਾ ਨਾਲ ਮਨਾਇਆ। ਪ੍ਰਾਚੀਨ ਸ਼ਿਵ ਮੰਦਿਰ (ਬਗੀਚੀ) ਨੂਰਮਹਿਲ ਵਿਖੇ ਦੋ ਸੀਮੈਂਟਡ ਬੈਂਚ ਮੁੱਹਈਆ ਕਰਵਾਏ ਗਏ ਤਾਂ ਕਿ ਮੰਦਰ ਵਿੱਚ ਸਵੇਰੇ ਸ਼ਾਮ ਆਉਣ ਵਾਲੇ ਸ਼ਰਧਾਲੂ ਇਸ ਦਾ ਲਾਭ ਲੈ ਸਕਣ। ਇਹ ਜਾਣਕਾਰੀ ਕਲੱਬ ਦੀ ਤਤਕਾਲੀਨ ਪ੍ਰਧਾਨ ਲਾਇਨ ਸੋਮਿਨਾਂ ਸੰਧੂ ਅਤੇ ਕਲੱਬ ਦੇ ਪੀ.ਆਰ.ਓ ਲਾਇਨ ਦਿਨਕਰ ਸੰਧੂ ਨੇ ਦਿੱਤੀ। ਇਸ ਮੌਕੇ ਮੰਦਰ ਦੇ ਸੇਵਾਦਾਰਾਂ ਵੱਲੋਂ ਉਚੇਚੇ ਤੌਰ 'ਤੇ ਚਾਹ-ਪਾਣੀ ਅਤੇ ਪਕੌੜਿਆ ਦੇ ਲੰਗਰ ਲਗਾਏ ਗਏ। ਨਵੇਂ ਸਾਲ ਦੇ ਸ਼ੁੱਭ ਆਰੰਭ ਮੌਕੇ ਦੇਵਾ ਜੀ ਦੇਵ ਮਹਾਦੇਵ ਜੀ ਦੇ ਚਰਨਾਂ ਵਿੱਚ ਕਲੱਬ ਦੇ ਅਫਸਰਾਂ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ, ਲਾਇਨ ਬਬਿਤਾ ਸੰਧੂ ਕਲੱਬ ਡਾਇਰੈਕਟਰ, ਲਾਇਨ ਜਸਪ੍ਰੀਤ ਕੌਰ ਸੰਧੂ ਕਲੱਬ ਚੇਅਰਪਰਸਨ, ਕਲੱਬ ਸੈਕਟਰੀ ਲਾਇਨ ਰਣਜੀਤ ਸਿੰਘ ਫੈਸ਼ਨ ਲਿਬਾਸ, ਲਾਇਨ ਯੋਗੇਸ਼ ਵਿਸ਼ੂ ਗੁਪਤਾ ਲੀਗਲ ਅਡਵਾਈਜ਼ਰ ਤੋਂ ਇਲਾਵਾ ਗੁਰਛਾਇਆ ਅਤੇ ਗੁਰਅੰਸ਼ ਸੋਖਲ, ਸੁਰਿੰਦਰ ਦਰਸ਼ਨਾਂ ਭੋਪਾਲ, ਵਰੁਣ ਸੋਖਲ, ਰਾਜਵਿੰਦਰ ਕੌਰ ਰੱਜੂ, ਭੂਰੀ ਤੋਂ ਇਲਾਵਾ ਹੋਰ ਹਾਜ਼ਰੀਨ ਪਤਵੰਤਿਆਂ ਨੇ ਅਰਦਾਸ-ਅਰਜੋਈ ਕੀਤੀ ਕਿ ਨਵਾਂ ਸਾਲ ਸਭ ਲਈ ਖੁਸ਼ੀਆਂ-ਖੇੜਿਆਂ, ਤੰਦਰੁਸਤੀ- ਤਰੱਕੀਆਂ ਅਤੇ ਚੜ੍ਹਦੀ ਕਲਾ ਵਾਲਾ ਹੋਵੇ। ਡਿਸਟ੍ਰਿਕਟ 321-ਡੀ ਦੇ ਸਮੂਹ ਮੈਂਬਰ ਅਤੇ ਲੀਡਰ ਖੁੱਲ੍ਹੇ ਦਿਲ ਨਾਲ ਸਮਾਜ ਸੇਵਾ ਕਰਨ। ਆਪਸੀ ਭਾਈਚਾਰਾ ਪ੍ਰੇਮ ਪਿਆਰ ਵਿੱਚ ਵਾਧਾ ਹੋਵੇ। ਦੇਸ਼ ਪ੍ਰੇਮ, ਭਗਤੀ ਵਿੱਚ ਮਨ ਲੀਨ ਰਹੇ। ਦੇਸ਼ ਵਿੱਚ ਭ੍ਰਿਸ਼ਟਾਚਾਰ ਫੈਲਾਉਣ ਵਾਲਿਆਂ ਦਾ ਨਾਸ਼ ਹੋਵੇ। ਘਰੋਂ ਘਰੀਂ ਰੋਜ਼ਗਾਰ ਹੋਵੇ। ਰੰਗਲਾ ਪੰਜਾਬ ਨਸ਼ਾ ਮੁਕਤ ਹੋਵੇ। ਧੀਆਂ ਭੈਣਾਂ ਨੂੰਹਾਂ ਪ੍ਰਤੀ ਸਭ ਦੇ ਦਿਲਾਂ ਵਿੱਚ ਪੂਰਾ ਸਤਿਕ-ਾਰ ਹੋਵੇ।




**ਪ੍ਰਾਚੀਨ ਸ਼ਿਵ ਮੰਦਰ 'ਚ ਕਲੱਬ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ ਅਤੇ ਤਤਕਾਲੀਨ ਪ੍ਰਧਾਨ ਸੋਮਿਨਾਂ ਸੰਧੂ, ਕਲੱਬ ਦੇ ਅਫਸਰ ਸਥਾਪਨਾ ਦਿਵਸ ਅਤੇ ਨਵੇਂ ਸਾਲ ਮੌਕੇ ਸੇਵਾ ਦਾ ਕਾਰਜ ਕਰਦੇ ਹੋਏ।**

# ਦਿਹਾਤੀ ਮਜ਼ਦੂਰ ਸਭਾ ਦੀ ਜਲੰਧਰ ਜਿਲ੍ਹਾ ਕਮੇਟੀ ਦਾ ਜੱਥੇਬੰਦਕ ਇਜਲਾਸ ਕਰਵਾਇਆ





**ਫਿਲੌਰ/ਅੱਪਰਾ (ਦੀਪਾ)**- ਦਿਹਾਤੀ ਮਜ਼ਦੂਰ ਸਭਾ ਦੀ ਜਲੰਧਰ ਜਿਲ੍ਹਾ ਕਮੇਟੀ ਦਾ ਜੱਥੇਬੰਦਕ ਇਜਲਾਸ ਸ਼ਹੀਦ ਸਾਥੀ ਦੇਸ ਰਾਜ ਸਹੋਤਾ ਨਗਰ, ਸਾਥੀ ਦੇਵ ਫਿਲੌਰ ਯਾਦਗਾਰ ਹਾਲ ਪਿੰਡ ਮਾਹੂੰਵਾਲ ਵਿਖੇ ਸਫਲਤਾ ਸਹਿਤ ਸੰਪੰਨ ਹੋਇਆ। ਜੱਥੇਬੰਦੀ ਦੇ ਸੰਸਥਾਪਕ ਆਗੂ ਸਾਥੀ ਬਖਸ਼ੀ ਪੰਡੋਰੀ ਵਲੋਂ ਡੈਲੀਗੇਟਾਂ ਦੇ ਆਕਾਸ਼ ਗੂੰਜਾਊ ਨਾਹਰਿਆਂ ਦਰਮਿਆਨ ਸੂਹਾ ਝੰਡਾ ਲਹਿਰਾਏ ਜਾਣ ਨਾਲ ਸ਼ੁਰੂ ਹੋਏ ਅਜਲਾਸ ਦੀ ਪ੍ਰਧਾਨਗੀ ਸਾਥੀ ਨਿਰਮਲ ਮਲਸੀਆਂ, ਜਰਨੈਲ ਫਿਲੌਰ, ਬਲਦੇਵ ਸਿੰਘ ਨੂਰਪੁਰੀ ਤੇ ਬੀਬੀ ਰੀਨਾ ਰਾਣੀ ਸ਼ਾਹਕੋਟ ਨੇ ਕੀਤੀ। ਮੰਚ 'ਤੇ ਸੂਬਾ ਪ੍ਰਧਾਨ ਸਾਥੀ ਦਰਸ਼ਨ ਨਾਹਰ, ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ ਅਤੇ ਸੂਬਾ ਵਰਕਿੰਗ ਕਮੇਟੀ ਦੇ ਮੈਂਬਰ ਹਰਬੰਸ ਮੱਟੂ ਵੀ ਸੁਸ਼ੋਭਿਤ ਸਨ।ਅਜਲਾਸ ਦਾ ਉਦਘਾਟਨ ਕਰਦਿਆਂ ਸਾਥੀ ਗੁਰਨਾਮ ਸਿੰਘ ਨੇ ਅਜੋਕੀ ਰਾਜਸੀ-ਸਮਾਜਿਕ ਅਵਸਥਾ, ਕਿਰਤੀਆਂ ਦੀ ਤਰਯੋਗ ਜ਼ਿੰਦਗੀ, ਲਹਿਰ ਸਨਮੁੱਖ ਚੁਣੌਤੀਆਂ ਅਤੇ ਭਵਿੱਖੀ ਸੰਗਰਾਮਾਂ ਬਾਰੇ ਵਿਚਾਰ ਰੱਖੇ। ਪਰਮਜੀਤ ਰੰਧਾਵਾ ਵਲੋਂ ਪੇਸ਼ ਕੀਤੀ ਗਈ ਜਥੇਬੰਦਕ ਰਿਪੋਰਟ ਹਾਜ਼ਰ ਸਾਥੀਆਂ ਦੇ ਉਸਾਰੂ ਸੁਝਾਅ ਅਤੇ ਵਾਧਿਆਂ ਸਮੇਤ ਸਰਵ ਸੰਮਤੀ ਨਾਲ ਪ੍ਰਵਾਨ ਕੀਤੀ ਗਈ।ਸਾਥੀ ਦਰਸ਼ਨ ਨਾਹਰ ਵਲੋਂ ਪੇਸ਼ ਕੀਤੇ ਗਏ ਪੈਨਲ ਰਾਹੀਂ ਨਿਰਮਲ ਮਲਸੀਆਂ ਪ੍ਰਧਾਨ, ਪਰਮਜੀਤ ਰੰਧਾਵਾ ਜਨਰਲ ਸਕੱਤਰ, ਬਲਬੀਰ ਕਾਲਾ ਰਸੂਲਪੁਰ ਤੇ ਰੀਨਾ ਰਾਣੀ ਮੀਤ ਪ੍ਰਧਾਨ, ਬਲਦੇਵ ਸਿੰਘ ਨੂਰਪੁਰੀ ਤੇ ਜਰਨੈਲ ਫਿਲੌਰ ਮੀਤ ਸਕੱਤਰ ਅਤੇ ਦਲਬੀਰ ਸਹੋਤਾ ਮਾਹੂੰਵਾਲ ਖਜ਼ਾਨਚੀ ਦੇ ਚੁਣੇ ਗਏ।

ਅਜਲਾਸ ਵਲੋਂ ਪਾਸ ਕੀਤੇ ਮਤਿਆਂ ਰਾਹੀਂ ਆਰ.ਐਸ.ਐਸ. ਦੀ ਅਗਵਾਈ ਵਾਲੀਆਂ ਮਨੂਵਾਦੀ-ਹਿੰਦੂਤਵੀ ਤਾਕਤਾਂ ਦੀਆਂ ਕੁਚਾਲਾਂ ਫੇਲ੍ਹ ਕਰਨ, ਜਾਤੀ-ਪਾਤੀ ਤੇ ਲਿੰਗਕ ਜਬਰ ਤੇ ਵਿਤਕਰੇ ਦੇ ਖਾਤਮੇ, ਗਰੀਬ ਵਸੋਂ ਨੂੰ ਰੋਟੀ-ਕਪੜਾ-ਮਕਾਨ, ਸਿਖਿਆ-ਸਿਹਤ ਸਹੂਲਤਾਂ, ਬਿਜਲੀ-ਪਾਣੀ, ਸਥਾਈ ਰੁਜ਼ਗਾਰ, ਜਨਤਕ ਵੰਡ ਪ੍ਰਣਾਲੀ ਤੇ ਪੈਨਸ਼ਨਾਂ ਦਿੱਤੇ ਜਾਣ ਲਈ ਘੋਲ ਪ੍ਰਚੰਡ ਕਰਨ ਦਾ ਨਿਰਣਾ ਲਿਆ ਗਿਆ।

ਪ੍ਰਬੰਧਕਾਂ ਵਲੋਂ ਉਚੇਚੇ ਉਸਾਰੇ ਗਏ ਸਾਥੀ ਦਇਆ ਪਾਲ ਸਹੋਤਾ ਹਾਲ ਵਿਚ ਜ਼ਿਲ੍ਹੇ ਭਰ ਚੋਂ ਪੁੱਜੇ ਡੈਲੀਗੇਟਾਂ ਨੂੰ ਅਦਬ ਤੇ ਮੋਹ ਨਾਲ ਸਾਦ-ਮੁਰਾਦਾ ਲੰਗਰ ਛਕਾਇਆ ਗਿਆ। ਪਿੰਡ ਵੜਦਿਆਂ ਹੀ ਵਿਛੜੇ ਸਾਥੀ ਬਲਵਿੰਦਰ ਸਿੰਘ ਤਲਵੰਡੀ ਮਾਧੋ ਦੀ ਯਾਦ ਵਿਚ ਗੇਟ ਉਸਾਰਿਆ ਗਿਆ ਸੀ। ਆਰੰਭ ਵਿਚ ਸਦੀਵੀ ਵਿਛੋੜਾ ਦਾ ਗਏ ਦੇਸ਼ ਦੀ ਜਮਹੂਰੀ ਲਹਿਰ ਅਤੇ ਕਿਰਤੀ ਸੰਗਰਾਮ ਦੇ ਮਿਸਾਲੀ ਆਗੂਆਂ ਸਰਵ ਸਾਥੀ ਸੀਤਾ ਰਾਮ ਯੇਚੁਰੀ, ਬਲਵਿੰਦਰ ਸਿੱਧੂ, ਬਖਸ਼ੀ ਰਾਮ ਕੰਗ ਸਾਹਿਬ ਰਾਏ, ਗੁਰਦੀਪ ਬੱਲ ਨੌ, ਹਰਬੰਸ ਕੌਰ ਮਲਸੀਆਂ, ਗਰਦਾਵਰ ਭੱਟੀ ਸਿਆਣੀਵਾਲ, ਨਰੰਜਣ ਦਾਸ ਮਾਹੀ ਪਿੰਡ ਮਾਹੂੰਵਾਲ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।

# ਭਗਵਾਨ ਵਾਲਮੀਕਿ ਜੀ ਮੰਦਿਰ ਅੰਮ੍ਰਿਤਸਰ ਦੇ ਦਰਸ਼ਨਾਂ ਲਈ ਫਰੀ ਬੱਸ ਰਵਾਨਾ

**ਫਿਲੌਰ/ਅੱਪਰਾ (ਦੀਪਾ)** ਅੱਜ ਭਗਵਾਨ ਵਾਲਮੀਕਿ ਜੀ ਮੰਦਿਰ ਪ੍ਰਬੰਧਕ ਕਮੇਟੀ ਰਜਿ ਅੱਪਰਾ ਅਤੇ ਸਰਪੰਚ ਵਿਨੈ ਕੁਮਾਰ ਵਲੋ ਸਮੂਹ ਮੁਹੱਲਾ ਨਿਵਾਸੀ ਦੀ ਮੰਗ ਤੇ ਨਵਾ ਸਾਲ ਭਗਵਾਨ ਵਾਲਮੀਕਿ ਤੀਰਥ ਅਮ੍ਰਿਤਸਰ ਫ੍ਰੀ ਬੱਸ ਯਾਤਰਾ ਕਰਵਾਈ ਗਈ।ਇਸ ਮੌਕੇ ਕਮੇਟੀ ਦੇ ਪ੍ਰਧਾਨ ਦੀਪਕ ਅੱਪਰਾ ਨੇ ਸਰਪੰਚ ਸਾਹਿਬ ਦਾ ਧੰਨਵਾਦ ਕਰਦੀਆ ਕਿਹਾ ਕਿ ਅਸੀ ਨਵਾ ਸਾਲ ਦੀ ਸੁਰੂਆਤ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਆਸੀਰਵਾਦ ਨਾਲ ਕਰਨਾ ਚਾਹੁੰਦੇ ਸੀ ਜਿਸ ਵਿੱਚ ਸਰਪੰਚ ਸਾਹਿਬ ਜੀ ਵਲੋ ਫ੍ਰੀ ਬੱਸ ਭੇਜੀ ਗਈ। ਇਸ ਮੌਕੇ



ਪ੍ਰਧਾਨ ਦੀਪਕ ਅੱਪਰਾ, ਕੈਸੀਅਰ ਸੁਰਿੰਦਰ ਨਾਹਰ, ਸੈਕਟਰੀ ਸਨੀ ਕਲੀਆਣ, ਪੰਚ ਰੂਪ ਲਾਲ,ਕਰਨ ਨਾਹਰ, ਹਨੀ ਨਾਹਰ, ਜਨਕ ਰਾਜ,ਦੀਪਕ ਨਾਹਰ, ਤਰਨ,ਰਚਨਾ ਨਾਹਰ, ਸੰਤੋਸ ਨਾਹਰ,ਸੋਨੀਆ,ਛਿੰਦੋ,ਊਸਾ, ਰੈਨੂੰ, ਲਛਮੀ, ਬਿੰਦੋ, ਮੋਨਿਕਾ, ਨੇਹਾ, ਪ੍ਰੀਤੀ, ਛਾਲੂ,ਮਨੀ,ਮਾਨਤ, ਹੀਨਾ ਸਾਮਲ ਸਨ।

# ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਪਿੰਡ ਨਾਰੂ ਨੰਗਲ ਖਾਸ ਵਿਖੇ ਲਗਾਇਆ ਗਿਆ ਜਾਗਰੂਕਤਾ ਕੈਂਪ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਨੈਸ਼ਨਲ ਅਕੈਡਮੀ ਆਫ਼ ਐਗਰੀਕਲਚਰਲ ਸਾਇੰਸ, ਲੁਧਿਆਣਾ ਚੈਪਟਰ, ਦੀ ਅਗਵਾਈ ਹੇਠ, ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ, ਹੁਸ਼ਿਆਰਪੁਰ ਵੱਲੋਂ ਪਿੰਡ ਨਾਰੂ ਨੰਗਲ ਖਾਸ ਵਿਖੇ ਇੱਕ ਜਾਗਰੂਕਤਾ ਕੈਂਪ ਲਗਾਇਆ ਗਿਆ। ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਸਹਿਯੋਗੀ ਨਿਰਦੇਸ਼ਕ (ਸਿਖਲਾਈ), ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ, ਡਾ. ਮਨਿੰਦਰ ਸਿੰਘ ਬੌਂਸ ਨੇ ਇਸ ਕੇਂਦਰ ਦੀਆਂ ਗਤੀਵਿਧੀਆਂ ਬਾਰੇ ਜਾਣੂੰ ਕਰਵਾਇਆ। ਉਨ੍ਹਾਂ ਨੇ ਹਾੜ੍ਹੀ ਦੀਆਂ ਫਸਲਾਂ ਦੇ ਸਰਵਪੱਖੀ ਖਾਦ, ਨਦੀਨ ਅਤੇ ਕੀਟ ਪ੍ਰਬੰਧਨ ਬਾਬਤ ਜਰੂਰੀ ਨੁਕਤੇ ਸਾਂਝੇ ਕੀਤੇ। ਡਾ. ਬੌਂਸ ਨੇ ਦੱਸਿਆ ਕਿ ਮੌਜੂਦਾ ਮੌਸਮ ਆਲੂਆਂ ਦੇ ਪਛੇਤੇ ਝੁਲਸ ਰੋਗ ਤੇ ਕਣਕ ਦੀ ਪੀਲੀ ਕੁੰਗੀ ਬਿਮਾਰੀ ਦੀ ਸ਼ੁਰੂਆਤ ਅਤੇ ਵਾਧੇ ਲਈ ਸੁਖਾਵਾਂ ਹੈ। ਉਨ੍ਹਾਂ ਕਿਸਾਨਾਂ ਨੂੰ ਚੌਕਸੀ ਨਾਲ ਖੇਤਾਂ ਦਾ ਲਗਾਤਾਰ




ਸਰਵੇਖਣ ਰੱਖਣ ਲਈ ਕਿਹਾ ਅਤੇ ਕਿਸੇ ਵੀ ਫਸਲੀ ਸਮੱਸਿਆ ਦੇ ਹੱਲ ਲਈ ਮਾਹਿਰਾਂ ਨਾਲ ਸੰਪਰਕ ਕਰਨ ਲਈ ਜੋਰ ਦਿੱਤਾ। ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ ਦੇ ਪਸ਼ੂ ਪਾਲਣ ਦੇ ਮਾਹਿਰ ਡਾ. ਪਰਮਿੰਦਰ ਸਿੰਘ ਨੇ ਸਰਦੀ ਦੇ ਮੌਸਮ ਵਿੱਚ ਪਸ਼ੂਆਂ ਦੀ ਸਾਂਭ-ਸੰਭਾਲ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਪਸ਼ੂਆਂ ਦੀ ਖੁਰਾਕ ਵਿੱਚ ਧਾਤਾਂ ਦੇ ਚੂਰੇ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਅਤੇ ਇਸ ਦੇ ਲਗਾਤਾਰ ਇਸਤੇਮਾਲ ਬਾਰੇ ਕਿਹਾ। ਸਹਾਇਕ ਪ੍ਰੋਫੈਸਰ (ਸਬਜੀ ਵਿਗਿਆਨ), ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ ਡਾ. ਕਰਮਵੀਰ ਸਿੰਘ ਗਰਚਾ ਨੇ ਰੋਜਾਨਾ ਖੁਰਾਕ ਵਿੱਚ ਫਲਾਂ, ਸਬਜੀਆਂ ਤੇ ਖੁੰਬਾਂ ਦੀ ਪੋਸ਼ਣ ਮਹੱਤਤਾ ਬਾਰੇ ਜਾਗਰੂਕ ਕੀਤਾ ਅਤੇ ਘਰੇਲੂ ਪੱਧਰ ਤੇ ਸਰਵਪੱਖੀ ਪੌਸ਼ਟਿਕ ਘਰ ਬਗੀਚੀ ਅਪਨਾਉਣ ਲਈ ਵੀ ਪ੍ਰੇਰਿਆ। ਇਸ ਦੌਰਾਨ ਖੇਤੀ ਸਬੰਧੀ ਖਦਸ਼ਿਆਂ ਤੇ ਸਮੱਸਿਆਂ ਬਾਰੇ ਮਾਹਿਰਾਂ ਨਾਲ ਵਿਚਾਰ ਚਰਚਾ ਵੀ ਕੀਤੀ ਗਈ। ਕੈਂਪ ਵਿੱਚ ਪਿੰਡ ਨਾਰੂ ਨੰਗਲ ਖਾਸ ਦੇ ਸਰਪੰਚ ਊਸ਼ਾ ਕੁਮਾਰੀ ਅਤੇ ਹੋਰ ਅਗਾਂਹਵਧੂ ਕਿਸਾਨ ਸੁਰਜੀਤ ਸਿੰਘ, ਬਲਵੀਰ ਸਿੰਘ, ਅਵਤਾਰ ਸਿੰਘ, ਸੰਜੀਵ ਕੁਮਾਰ, ਭੀਮ ਸਿੰਘ, ਤਾਰਾਚੰਦ, ਹਰਪ੍ਰੀਤ ਸਿੰਘ ਤੇ ਤੀਰਥ ਸ਼ਰਮਾ ਹਾਜ਼ਰ ਸਨ।

# ਕੁਲਵੰਤ ਕੌਰ ਨਗਰ ਨਾਟ ਸੰਗ੍ਰਹਿ 'ਪਹਿਲੀ ਅਧਿਆਪਕਾ ਤੇ ਹੋਰ ਨਾਟਕ' ਲੋਕ ਅਰਪਣ





**ਫਿਲੌਰ/ਅੱਪਰਾ (ਦੀਪਾ)–** ਲੇਖਿਕਾ ਕੁਲਵੰਤ ਕੌਰ ਨਗਰ ਦੇ ਦੂਜੇ ਨਾਟ ਸੰਗ੍ਰਹਿ, 'ਪਹਿਲੀ ਅਧਿਆਪਕਾ ਤੇ ਹੋਰ ਨਾਟਕ' ਦਾ ਲੋਕ ਅਰਪਣ ਮੁਠੱਡਾ ਕਲਾਂ (ਜਲੰਧਰ) ਵਿਖੇ ਨਿਵੇਕਲੇ ਅੰਦਾਜ਼ ਵਿਚ ਹੋਇਆ। ਇਸ ਸ਼ਾਨਾਮੱਤੇ ਸਮਾਗਮ ਬਾਰੇ ਕੁਲਵੰਤ ਕੌਰ ਨਗਰ ਨੇ ਬੋਲਦਿਆਂ ਕਿਹਾ ਕਿ ਵੇਖਣ ਵਿਚ ਆਇਆ ਹੈ ਕਿ ਲੇਖਕਾਂ ਦਾ ਸੁਪਨਾ ਹੁੰਦਾ ਹੈ ਕਿ ਉਹਨਾਂ ਦੀ ਕਿਤਾਬ ਦੇ ਰਿਲੀਜ਼ ਸਮਾਰੋਹ ਵੇਲੇ ਨਾਮਵਰ ਲੇਖਕਾਂ ਨੂੰ ਇਕੱਠਾ ਕੀਤਾ ਜਾਵੇ। ਤਰੀਫਾਂ, ਜਸ਼ਨ ਅਤੇ ਮਿੱਠੀ ਸਲੂਣੀ ਪਾਰਟੀ ਦਾ ਦੌਰ ਚਲਦਾ ਹੈ। ਕਿਤਾਬ ਨੂੰ ਵਿਆਹ ਦੇ ਸ਼ੱਕਰ ਪਾਰਿਆਂ ਵਾਂਗ ਵੰਡ ਦਿੱਤਾ ਜਾਂਦਾ ਹੈ। ਕੁਝ ਕਿਤਾਬਾਂ ਕਿਤਾਬ ਵਿਕਰੇਤਾਵਾਂ ਨੂੰ ਵੀ ਦੇ ਦਿੱਤੀਆਂ ਜਾਂਦੀਆਂ ਨੇ। ਅੱਗੇ ਕਿਤਾਬ ਵਿਕਰੇਤਾ ਕੀ ਕਰਦੇ ਨੇ ਇਹ "ਅੱਲ੍ਹਾ" ਜਾਣੇ। ਕਵਿਤਾਵਾਂ, ਗ਼ਜ਼ਲਾਂ, ਗੀਤ, ਕਹਾਣੀਆਂ, ਜੀਵਨੀਆਂ, ਸਵੈ- ਜੀਵਨੀਆਂ ਤੇ ਨਾਵਲ ਆਮ ਕਰਕੇ ਪਾਠਕ ਲੈ ਜਾਂਦੇ ਨੇ। ਨਾਟ-ਸੰਗ੍ਰਹਿ ਦੀ ਗੱਲ ਕਰੀਏ ਤਾਂ ਇਸ ਨੂੰ ਜ਼ਿਆਦਾਤਰ ਰੰਗ-ਮੰਚ ਨਾਲ ਜੁੜੇ ਲੋਕ ਹੀ ਖ਼ਰੀਦਦੇ ਨੇ। ਕਿਤਾਬ ਵਿਚ ਜਿਨ੍ਹਾਂ ਦੀ ਗੱਲ ਹੁੰਦੀ ਹੈ ਜਿਨਾਂ ਤੱਕ ਪਹੁੰਚਣੀ ਚਾਹੀਦੀ ਹੈ ਉਹਨਾਂ ਤੱਕ ਨਹੀਂ ਪੁੱਜਦੀ। ਮੁਠੱਡਾ ਕਲਾਂ ਵਿਖੇ ਨਾਟ-ਸੰਗ੍ਰਹਿ ਲੋਕ ਅਰਪਣ ਸਮਾਰੋਹ ਸੱਚ ਮੁੱਚ ਲੋਕਾਂ ਦੁਆਰਾ ਲੋਕਾਂ ਲਈ ਹੋਇਆ।

ਕੁਲਵੰਤ ਕੌਰ ਨਗਰ ਦਾ ਇਹ ਨਾਟ ਸੰਗ੍ਰਹਿ ਚਿੰਤਨ ਪ੍ਰਕਾਸ਼ਨ ਲੁਧਿਆਣਾ ਨੇ ਛਾਪਿਆ ਹੈ। ਇਸ ਦੀ ਵਿਲੱਖਣ ਘੁੰਡ ਚੁਕਾਈ ਦੀ ਖ਼ੂਬ ਚਰਚਾ ਹੈ। ਇਹ ਕਿਤਾਬ ਲੋਕਾਂ ਨੇ ਲੋਕਾਂ ਨੂੰ ਸਮਰਪਿਤ ਕੀਤੀ ਹੈ। ਇਸਦੇ ਮੁੱਖ ਮਹਿਮਾਨ ਕਿਰਤੀ ਸਨ। ਇਹ ਕਿਤਾਬ ਬੇਜ਼ਮੀਨੇ ਮਜ਼ਦੂਰਾਂ ਅਤੇ ਪਿੰਡ ਮੁਠੱਡਾ ਕਲਾ ਦੇ ਪੰਚਾਇਤੀ ਜ਼ਮੀਨੀ ਘੋਲ ਨੂੰ ਸਮਰਪਿਤ ਕੀਤੀ ਗਈ ਹੈ। ਪਿੰਡ ਮੁਠੱਡਾ ਕਲਾ ਦਾ ਪੰਚਾਇਤੀ ਜ਼ਮੀਨੀ ਘੋਲ ਲੰਬਾ ਸਮਾਂ ਚੱਲਦਾ ਰਿਹਾ ਹੈ। ਪਿੰਡ ਮੁਠੱਡਾ ਕਲਾਂ ਦੇ ਮਜ਼ਦੂਰਾਂ ਦਾ ਕਿਸਾਨੀ ਅੰਦੋਲਨ ਦੌਰਾਨ ਵੀ ਵੱਡਾ ਯੋਗਦਾਨ ਰਿਹਾ ਹੈ। ਉਹ ਵੱਡੇ ਪੱਧਰ ਤੇ ਰੈਲੀਆਂ ਕਰਦੇ ਅਤੇ ਜਾਗੋ ਕੱਢਦੇ ਰਹੇ। ਮੁਠੱਡਾ ਕਲਾਂ ਵਿਖੇ ਵਿਸ਼ਾਲ ਮਜ਼ਦੂਰ ਕਿਸਾਨ ਰੈਲੀ ਵੀ ਹੋਈ। ਇਸ ਪਿੰਡ ਦੇ ਸੰਘਰਸ਼ੀ ਮਜ਼ਦੂਰਾਂ ਤੇ ਕਿਸਾਨਾਂ ਨੇ ਇਸ ਕਿਤਾਬ ਨੂੰ ਜੀ ਆਇਆਂ ਆਖਿਆ ਹੈ। ਆਮ ਲੋਕਾਂ ਨੇ ਇਕੱਠੇ ਹੋ ਕੇ ਇਸ ਕਿਤਾਬ ਨੂੰ ਆਪਣੇ ਹੱਥੀਂ ਲੋਕ ਅਰਪਣ ਕੀਤਾ ਹੈ। ਕਿਤਾਬ ਦਾ ਸਾਰਾ ਐਡੀਸ਼ਨ ਹੀ ਲੋਕਾਂ ਆਪੋ ਵਿਚ ਰਾਏ ਕਰਕੇ ਲੈ ਲਿਆ ਹੈ। ਕਿਰਤੀ ਲੋਕ ਆਪਣੇ ਆਪ ਨੂੰ ਇਸਦੇ ਨਾਟਕਾਂ ਦੇ ਪਾਤਰ ਮਹਿਸੂਸ ਕਰਦੇ ਹਨ । ਉਹ ਇਸ ਨੂੰ ਆਪੋ ਆਪਣੇ ਘਰ ਹੀ ਨਹੀਂ ਰੱਖਣਗੇ ਸਗੋਂ ਆਪਣੇ ਰਿਸ਼ਤੇਦਾਰਾਂ ਨੂੰ ਵੀ ਪੜ੍ਹਾਉਣਗੇ ਤੇ ਦੱਸਣਗੇ ਕਿ ਆਪਣੇ ਹੱਕਾਂ ਲਈ ਸੰਘਰਸ਼ ਕਿਵੇਂ ਕਰਨਾ ਹੈ। ਦਰਸ਼ਨ ਖਟਕੜ ਜੀ ਦਾ ਲਿਖਿਆ ਮੁੱਖਬੰਦ ਪਿੰਡ ਵਾਸੀਆਂ ਨੂੰ ਪੜ੍ਹ ਕੇ ਸੁਣਾਇਆ ਗਿਆ। ਲੋਕਾਂ ਨੇ ਸਾਹ ਰੋਕ ਕੇ ਸੁਣਿਆਂ।

ਪਿੰਡ ਦੀ ਸਰਪੰਚ ਮਨਜੀਤ ਕੌਰ ਨੇ ਦੱਸਿਆ ਹੈ ਕਿ ਜਿਹੜੀਆਂ ਔਰਤਾਂ ਕਿਤਾਬ ਦੇ ਰਿਲੀਜ਼ ਸਮਾਰੋਹ ਵਿੱਚ ਨਹੀਂ ਪਹੁੰਚ ਸਕੀਆਂ ਉਹ ਨਰਾਜ਼ ਹੋ ਰਹੀਆਂ ਹਨ ਕਿ ਉਹਨਾਂ ਨੂੰ ਦੱਸਿਆ ਕਿਉਂ ਨਹੀਂ? ਸ਼ਾਇਦ ਇਹ ਨਿਵੇਕਲੀ ਉਦ-'ਹਰਣ ਹੈ ਕਿ ਨਾਟਕਾਂ ਦੀ ਕਿਤਾਬ ਇਸ ਅੰਦਾਜ਼ ਵਿਚ ਲੋਕਾਂ ਦੇ ਹੱਥਾਂ ਤੱਕ ਪਹੁੰਚਣ ਦੀ ਬਜਾਏ ਲੋਕਾਂ ਦੇ ਹੱਥ ਕਿਤਾਬ ਤੱਕ ਪੁੱਜੇ ਹਨ। ਜਿਨ੍ਹਾਂ ਲਈ ਇਹ ਲਿਖੀ ਗਈ ਹੈ। ਉਹਨਾਂ ਕਿਰਤੀ ਹੱਥਾਂ ਨੇ ਕਿਰਤੀਆਂ ਨੂੰ ਇਹ ਕਿਤਾਬ ਅਰਪਣ ਕੀਤੀ ਹੈ। ਹੈਰਾਨੀ ਦੀ ਗੱਲ ਹੈ ਕਿ ਸਾਰੇ ਪਿੰਡ ਵਾਸੀ ਕੈਮਰੇ ਵਿੱਚ ਨਹੀਂ ਆ ਰਹੇ ਸੀ ਇਸ ਕਰਕੇ ਕਈ ਗਰੁੱਪ ਫੋਟੋਆਂ ਖਿੱਚਣੀਆਂ ਪਈਆਂ। ਪਿੰਡ ਦੇ ਵਿਦੇਸ਼ਾਂ ਚ ਬੈਠੇ ਨੌਜਵਾਨ ਵੀ ਕਿਤਾਬ ਦੀ ਪੀਡੀਐਫ ਮੰਗ ਰਹੇ ਹਨ , ਵਧਾਈਆਂ ਦੇ ਰਹੇ ਹਨ ਅਤੇ ਨਾਟਕ ਵਿੱਚ ਆਪਣਾ ਰੋਲ ਖੋਜ ਰਹੇ ਹਨ। ਜਦੋਂ ਲੋਕਾਂ ਨੂੰ ਲੱਗਦਾ ਹੈ ਕਿ ਕਿਤਾਬਾਂ 'ਚ ਉਹਨਾਂ ਦੀ ਆਪਣੀ ਗੱਲ ਹੈ ਤਾਂ ਉਹ ਕਿਤਾਬਾਂ ਨੂੰ ਜ਼ਰੂਰ ਪੜ੍ਹਦੇ ਹਨ। ਕੁਲਵੰਤ ਕੌਰ ਦਾ ਕਹਿਣਾ ਹੈ ਕਿ ਮੇਰੀ ਜ਼ਿੰਦਗੀ ਦੀ ਇਹ ਅਨਮੋਲ ਯਾਦ ਹੈ। ਮੇਰੇ ਲਈ ਇਹ ਸਮਾਗਮ ਅਮੁੱਲਾ ਨਜ਼ਰਾਨਾ ਅਤੇ ਵਡਮੁੱਲਾ ਸਨਮਾਨ ਹੈ। ਕੁਲਵੰਤ ਨੇ ਲੋਕ ਅਰਪਣ ਸਮਾਰੋਹ ਉਪਰੰਤ ਆਪਣੇ ਸੰਬੋਧਨ ਵਿਚ ਕਿਹਾ, 'ਸੱਚ ਹੈ ਕਿ ਕਿਰਤ ਕਰਨ ਵਾਲੇ ਲੋਕ ਜਦੋਂ ਜਾਗਦੇ ਨੇ ਤਾਂ ਸਾਰਾ ਜਗ ਚਾਨਣ-ਚਾਨਣ ਹੋ ਜਾਂਦਾ ਹੈ ਙ' ਜ਼ਿਕਰਯੋਗ ਹੈ ਕਿ ਕੁਲਵੰਤ ਕੌਰ ਨਗਰ ਦਾ ਜੀਵਨ ਸਾਥੀ ਜਸਵਿੰਦਰ ਪੱਪੀ, ਬੇਟੀ ਨਰਗਿਸ ਅਤੇ ਬੇਟਾ ਅੰਮ੍ਰਿਤ ਸਾਰਾ ਪਰਿਵਾਰ ਰੰਗ ਮੰਚ ਨੂੰ ਸਮਰਪਿਤ ਹੈ ਙ ਸਮੂਹ ਨਗਰ ਨੂੰ ਨਵੇਂ ਵਰ੍ਹੇ ਪੁਸਤਕ ਪ੍ਰੇਮੀਆਂ, ਲੇਖਕਾਂ ਰੰਗ ਕਰਮੀਆਂ ਵੱਲੋਂ ਵਿਲੱਖਣ ਮੁਬਾਰਕ ਭੇਜੀ ਗਈ ਕਿ ਨਵੇਂ ਵਰ੍ਹੇ ਨੂੰ ਇਉਂ ਵੀ ਮੁਬਾਰਕ ਕਹਿਣ ਦੀ ਜਾਚ ਮੁਠੱਡਾ ਕਲਾਂ ਅਤੇ ਮਾਨਵਤਾ ਕਲਾ ਮੰਚ ਨਗਰ ਤੋਂ ਸਿੱਖਣੀ ਚਾਹੀਦੀ ਹੈ। ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਦੇ ਪ੍ਰਧਾਨ ਅਮੋਲਕ ਸਿੰਘ ਅਤੇ ਪਲਸ ਮੰਚ ਦੇ ਸੂਬਾ ਕਮੇਟੀ ਮੈਂਬਰ ਜਸਵਿੰਦਰ ਪੱਪੀ ਨੇ ਸੰਗਰਾਮੀ ਵਿਰਾਸਤ ਨੂੰ ਪ੍ਰਣਾਏ ਪਿੰਡ ਮੁਠੱਡਾ ਕਲਾਂ ਵਾਸੀਆਂ ਅਤੇ ਕਿਤਾਬ ਦੀ ਸਿਰਜਕ ਕੁਲਵੰਤ ਕੌਰ ਨਗਰ ਨੂੰ ਮੁਬਾਰਕ ਦਿੱਤੀ। ਉਹਨਾਂ ਕਿਹਾ ਕਿ ਭਵਿੱਖ ਵਿਚ ਮੁਠੱਡਾ ਕਲਾਂ ਇਸ ਸਮਾਗਮ ਦੀ ਮਹਿਕ ਹੋਰ ਵੀ ਲੋਕਾਂ ਤੱਕ ਲਿਜਾਣ ਅਤੇ ਰੰਗ ਮੰਚ ਮੇਲਾ ਕਰਕੇ ਨਵੇਂ ਸਾਲ ਦੀ ਨਵੀਓਂ ਨਵੀਂ ਬਹਾਰ ਦੀਆਂ ਸੰਭਾਵਨਾਵਾਂ ਜ਼ਰਾ ਮੌਸਮ ਦੇ ਖਿੜਵੇਂ ਦਿਨਾਂ ਦੀ ਉਡੀਕ ਵਿਚ ਹਨ। ਅਜਿਹੇ ਲੋਕ ਪੱਖੀ ਸਭਿਆਚਾਰਕ ਤਿਓਹਾਰ ਦੀ ਸਭ ਉਡੀਕ ਅਤੇ ਚਾਅ ਹੈ।

## ਸਿਵਲ ਹਸਪਤਾਲ ਅੱਪਰਾ ਦੀਆਂ ਸਮੱਸਿਆਵਾਂ ਸੰਬੰਧੀ ਸਿਵਲ ਸਰਜਨ ਜਲੰਧਰ ਨੇ ਹਲ ਕਰਨ ਦਾ ਦਿੱਤਾ ਭਰੋਸਾ-ਸੋਮ ਦੱਤ ਸੋਮੀ

### ਰਾਤ ਦੇ ਸਮੇਂ ਡਾਕਟਰ ਤੇ ਸਟਾਫ਼ ਨਰਸ ਦੀ ਕਮੀ ਨੂੰ ਕੀਤਾ ਜਾਵੇ ਪੂਰਾ-ਸੋਮ ਦੱਤ ਸੋਮੀ



**ਫਿਲੌਰ/ਅੱਪਰਾ (ਦੀਪਾ)-** ਅੱਜ ਅੱਪਰਾ ਵਿਖੇ ਲੋਕਾਂ ਦੀ ਮੰਗ 'ਤੇ ਲੋਕ ਸਮੱਸਿਆਵਾਂ ਨੂੰ ਮੁੱਖ ਰੱਖਦੇਹੋਏ ਗੱਲਬਾਤ ਕਰਦਿਆਂ ਸ੍ਰੀ ਸੋਮ ਦੱਤ ਸੋਮੀ ਕੋ-ਚੈਅਰਮੈਨ ਜਿਲਾ ਕਾਂਗਰਸ ਕਮੇਟੀ ਦਿਹਾਤੀ ਐੱਸ. ਸੀ ਡਿਪਾਰਟਪੈਂਟ (ਜਲੰਧਰ) ਨੇ ਕਿਹਾ ਕਿ ਸਿਵਲ ਹਸਪਤਾਲ 'ਚ ਆਮ ਆਉਣ ਜਾਣ ਵਾਲੇ ਮਰੀਜਾਂ ਨੂੰ ਆਉਣ ਵਾਲੀਆਂ ਸਮੱਸਿਆਵਾਂ ਦੇ ਸੰਬੰਧ 'ਚ ਸਿਵਲ ਹਸਪਤਾਲ ਦੇ ਉੱਚ ਪੱਧਰੀ ਪ੍ਰਸ਼ਾਸ਼ਨ ਨੂੰ ਜਾਣੂ ਕਰਵਾ ਦਿੱਤਾ ਗਿਆ ਹੈ ਙ ਸ੍ਰੀ ਸੋਮ ਦੱਤ ਸੋਮੀ ਨੇ ਅੱਗੇ ਕਿਹਾ ਕਿ ਜਿਲਾ ਜਲੰਧਰ ਦੇ ਸਿਵਲ ਸਰਜਨ ਸ੍ਰੀ ਗੁਰਮੀਤ ਲਾਲ ਨੂੰ ਇਸ ਬਾਰੇ ਜਾਣੂੰ ਕਰਵਾ ਦਿੱਤਾ ਗਿਆ ਹੈ, ਜਿਨਾਂ ਨੇ ਉਕਤ ਸਮੱਸਿਆ ਨੂੰ ਜਲਦ ਤੋਂ ਜਲਦ ਹਲ ਕਰਨ ਦਾ ਭਰੋਸਾ ਦਿਵਾਇਆ ਹੈ ਙ ਇਸ ਸੰਬੰਧ 'ਚ ਗੱਲਬਾਤ ਕਰਦੇ ਹੋਏ ਸੋਮ ਦੱਤ ਸੋਮੀ ਨੇ ਅੱਗੇ ਕਿਹਾ ਕਿ ਦੁਪਿਹਰ 2 ਵਜੇ ਹਸਪਤਾਲ ਬੰਦ ਹੋ ਜਾਂਦਾ ਹੈ ਙ ਇਸ ਲਈ ਸਮੂਹ ਇਲ-'ਕਾ ਵਾਸੀਆਂ ਨੇ ਮੰਗ ਕੀਤੀ ਹੈ ਕਿ ਰਾਤ ਦੇ ਸਮੇਂ ਸਿਵਲ ਹਸਪਤਾਲ ਅੱਪਰਾ 'ਚ ਐਮਰਜੈਸੀ ਡਾਕਟਰਾਂ ਦੀ ਡਿਊਟੀ ਨਿਰੰਤਰ ਲਗਾਈ ਜਾਵੇ । ਇਸ ਮੌਕੇ ਪਰਮਜੀਤ ਪੰਚ, ਹਰਜੀਤ ਸਿੱਧੂ ਪੰਚ, ਨੀਲਮ ਕੌਰ ਪੰਚ, ਸੀਮਾ ਰਾਣੀ ਪੰਚ, ਮਣਸਾ ਰਾਮ ਪੰਚ, ਕਾਜਲ ਅਰੋੜਾ ਪੰਚ, ਪਰਮਜੀਤ ਕਾਲਾ ਵਿਰਕ ਪੰਚ, ਰੂਪ ਲਾਲ ਪੰਚ, ਸੋਮ ਨਾਥ ਸਾਬਕਾ ਪੰਚ, ਕੁਲਵਿੰਦਰ ਕਿੰਦਾ ਸਾਬਕਾ ਪੰਚ, ਜਤਿੰਦਰ ਸੋਨਾ, ਬਾਲ ਕ੍ਰਿਸ਼ਨ ਸਾਬਾਕਾ ਪੰਚ, ਨਰੇਸ਼ ਬਜਾਜ, ਦਲਜੀਤ ਸਿੰਘ ਕਾਕਾ, ਦਵਿੰਦਰ ਸਿੰਘ ਬੁੱਧੂ, ਬਲਵਿੰਦਰ ਕੁਮਾਰ, ਬਲਵਿੰਦਰ ਬਾਹਰੀ, ਨਾਥ ਰਾਮ,ਰਾਮ ਕ੍ਰਿਸ਼ਨ, ਅਮਿਤ ਸੋਨਕਰ, ਰਾਣਾ ਘੜੀ ਸਾਜ਼, ਰਾਮ ਆਸਰਾ ਚੰਦੜੂ, ਰਣਵੀਰ ਸਿੰਘ ਕੰਦੋਲਾ ਮੋੱਰੋਂ, ਸੁਰਿੰਦਰ ਕੁਮਾਰ, ਸ਼ਿੰਦਰ ਪਾਲ, ਮੁਨੀਸ਼ ਪੰਡਿਤ।

## ਠੰਡ, ਧੁੰਦ ਅਤੇ ਠੰਡੀਆਂ ਹਵਾਵਾਂ ਦੇ ਮੌਸਮ ਵਿੱਚ ਲੋਕਾ ਨੂੰ ਪੂਰੀ ਤਰ੍ਹਾਂ ਬਚਣ ਦੀ ਲੋੜ ਹੈ : ਡਾ ਆਸ਼ੀਸ਼ ਸ਼ਰੀਨ



**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਪਿਛਲੇ ਕਾਫੀ ਦਿਨਾਂ ਤੋ ਠੰਡ, ਧੁੰਦ ਅਤੇ ਠੰਡੀਆਂ ਹਵਾਵਾਂ ' ਬਹੁਤ ਹੀਂ ਤੇਜੀ ਨਾਲ ਚੱਲ ਰਹੀਆਂ ਹਨ ਜਿਸ ਕਰਕੇ ਠੰਡ ਨੇ ਹੁਣ ਪੂਰਾ ਜੋਰ ਫੜਿਆ ਹੋਇਆ ਹੈ ! ਇਸ ਸਬੰਧੀ "ਹਿੱਜ ਐਕਸੀਲੈਂਟ ਕੋਚਿੰਗ ਸੈਂਟਰ" ਅਤੇ ਸੇਂਟ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਚੱਗਰਾਂ ਦੇ ਐਮ ਡੀ ਅਤੇ ਉੱਘੇ ਸਮਾਜ ਸੇਵਕ ਡਾ ਆਸ਼ੀਸ਼ ਸਰੀਨ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਠੰਡ ਦੇ ਮੌਸਮ ਦੌਰਾਨ ਪੂਰੀ ਅਹਿਤਿਆਤ ਵਰਤਣ ਤਾਂ ਜੋ ਕਿਸੇ ਵੀ ਅਣਸੁਖਾਵੇ ਹਾਲਤ ਤੋਂ ਬਚਿਆ ਜਾ ਸਕੇ। ਉਹਨਾ ਠੰਡੀਆਂ ਹਵਾਵਾਂ ਤੋਂ ਬਚਾਅ ਲਈ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਮੌਸਮ ਨੂੰ ਧਿਆਨ ਵਿਚ ਰੱਖਦਿਆਂ ਲੋਕਾਂ ਨੂੰ ਲੋੜੀਂਦੇ ਪ੍ਰਬੰਧ ਯਕੀਨੀ ਬਣਾ ਲੈਣੇ ਚਾਹੀਦੇ ਹਨ ਤਾ ਕਿ ਇਕਦਮ ਵੱਧ ਰਹੀ ਠੰਡ ਤੋ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਲੋਕ ਖਾਸਕਰ ਬਜ਼ੁਰਗਾਂ, ਬੱਚਿਆਂ ਦਾ ਵਿਸ਼ੇਸ਼ ਧਿਆਨ ਰੱਖਣ ਅਤੇ ਨਾਲ ਦੇ ਨਾਲ ਪਸ਼ੂਆਂ, ਫ਼ਸਲਾਂ ਅਤੇ ਹੋਰ ਵਸਤੂਆਂ ਦੀ ਸੰਭਾਲ ਨੂੰ ਵੀ ਤਰਜ਼ੀਹ ਦੇਣ। ਉਹਨਾ ਕਿਹਾ ਕਿ ਠੰਡ ਦੇ ਮੌਸਮ ਨੂੰ ਧਿਆਨ ਵਿਚ ਰੱਖਦਿਆਂ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਨਹੀਂ ਵਰਤਣੀ ਚਾਹੀਦੀ ਅਤੇ ਆਪਣੇ ਘਰਾਂ ਆਦਿ ਵਿਚ ਵੀ ਠੰਡੀਆਂ ਹਵਾਵਾਂ ਤੋਂ ਬਚਾਅ ਲਈ ਮੋਟੇ ਕੱਪੜਿਆ ਦਾ ਇੰਤਜਾਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਵੱਧ ਰਹੀ ਠੰਡ ਦੇ ਕਾਰਨ ਕੋਈ ਵੀ ਸਰੀਰਕ ਸਮੱਸਿਆ ਪੇਸ਼ ਆਉਂਦੀ ਹੈ ਤਾਂ ਫੌਰੀ ਤੌਰ ਤੇ ਡਾ ਦੀ ਸਲਾਹ ਲੈਣੀ ਚਾਹੀਦੀ ਹੈ। ਉਨ੍ਹਾਂ ਨੇ ਵਾਹਨ ਚਾਲਕਾਂ ਨੂੰ ਵੀ ਅਪੀਲ ਕੀਤੀ ਕਿ ਧੁੰਦ ਦੇ ਮੌਸਮ ਦੌਰਾਨ ਵਾਹਨਾਂ ਦੀ ਰਫ਼ਤਾਰ ਮੱਠੀ ਰੱਖਣ ਦੇ ਨਾਲ-ਨਾਲ ਗੱਡੀਆਂ ਦੀਆਂ ਲਾਈਟਾਂ ਅਤੇ ਇਸ਼ਾਰੇ ਪੂਰੀ ਤਰ੍ਹਾਂ ਕੰਮ ਕਰਦੇ ਰੱਖਣ ਤਾਂ ਜੋ ਕਿਸੇ ਵੀ ਅਣਹੋਣੀ ਘਟਨਾ ਤੋਂ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਵਾਹਨ ਚਲਾਉਂਦੇ ਸਮੇਂ ਮੋਬ-'ਇਲ ਦੀ ਵਰਤੋਂ ਅਤੇ ਓਵਰਟੇਕਿੰਗ ਤੋਂ ਪੂਰੀ ਤਰ੍ਹਾਂ ਗੁਰੇਜ਼ ਕਰਦਿਆਂ ਹਮੇਸ਼ਾ ਸੁਰੱਖਿਅਤ ਡਰਾਈਵਿੰਗ ਵੱਲ ਧਿਆਨ ਦੇਣਾ ਚਾਹੀਦਾ ਹੈ।

## ਜਦੋਂ ਮੈਂ ਪਿੱਛੇ ਮੁੜਕੇ ਵੇਖਦਾਂ

ਜੋ ਮੇਰੇ ਮਾਪੇ ਇੱਕ ਬ਼ਲਦ ਦੀ
ਖੇਤੀ ਕਰਿਆ ਕਰਦੇ ਸਨ ।
ਧੀਆਂ ਦੇ ਵਿਆਹਾਂ ਲਈ ਪੈ਼ਲੀ
ਗਹਿਣੇ ਧਰਿਆ ਕਰਦੇ ਸਨ ।
ਪਰ ਮੈਨੂੰ ਉਹ ਅਧਿਆਪਕ ਦੀ
ਕੁਰਸੀ ਦਿਲਵਾ ਕੇ ਹੀ ਹਟੇ ;
ਪੁੱਤ ਗੱਡੀ ਵਿੱਚ ਘੁੰਮੇਂ ਪਰ ਉਹ
ਪੈਦਲ ਤੁਰਿਆ ਕਰਦੇ ਸਨ ।



**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ**
**ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037

## ਗੀਤ - ਦਿਲਜੀਤ ਦੋਸਾਂਝ

ਦੌਲਤ, ਸ਼ੌਹਰਤ ਵਰਦੀ ਏ , ਦਿਲਜੀਤ ਉੱਤੇ ।
ਕੁਦਰਤ ਮਿਹਰਾਂ ਕਰਦੀ ਏ , ਦਿਲਜੀਤ ਉੱਤੇ ।

ਵੇਖ ਤਰੱਕੀ ਸਾੜਾ ਕਰਦੇ ਲੋਕ ਕਈ ।
ਕਾਹਤੋਂ ਮੰਦਿਰ ਜਾਂਦੈ ਰਹੇ ਨੇ ਟੋਕ ਕਈ ।
ਹੱਥ ਖ਼ੁਦਾਈ ਧਰਦੀ ਏ , ਦਿਲਜੀਤ ਉੱਤੇ -
ਕੁਦਰਤ ਮਿਹਰਾਂ ਕਰਦੀ ਏ , ਦਿਲਜੀਤ ਉੱਤੇ ...

ਗੀਤ ਗਲਾਸੀ ਵਾ਼ਲਾ ਨਿੰਦਣਾ ਸੌਖਾ ਏ ।
ਪਿੰਡ ਦਾ ਠੇਕਾ ਬੰਦ ਕਰਾਉਣਾ ਔਖਾ ਏ ।
ਗਰਮੀ ਵਰਗੀ ਸਰਦੀ ਏ , ਦਿਲਜੀਤ ਉੱਤੇ -
ਕੁਦਰਤ ਮਿਹਰਾਂ ਕਰਦੀ ਏ , ਦਿਲਜੀਤ ਉੱਤੇ ...

ਸਖ਼ਤ ਮਿਹਨਤਾਂ ਕਰਕੇ ਗੱਭਰੂ ਛਾਇਆ ਏ ।
ਮਾਣ ਪੰਜਾਬ ਦਾ ਜੱਗ 'ਤੇ ਹੋਰ ਵਧਾਇਆ ਏ ।
ਸਾਰੀ ਦੁਨੀਆਂ ਮਰਦੀ ਏ , ਦਿਲਜੀਤ ਉੱਤੇ -
ਕੁਦਰਤ ਮਿਹਰਾਂ ਕਰਦੀ ਏ , ਦਿਲਜੀਤ ਉੱਤੇ ...

ਤੜਕੇ ਪੰਜ ਵਜੇ ਏਹ ਫੁਰਨਾ ਫੁਰਿਆ ਸੀ ।
ਅਹਿਮਦਗੜ੍ਹ ਦਾ ਜਿੰਮੀ ਉੱਠਕੇ ਤੁਰਿਆ ਸੀ ।
ਮੌਜ ਰੂਹਾਨੀ ਘਰਦੀ ਏ , ਦਿਲਜੀਤ ਉੱਤੇ -
ਕੁਦਰਤ ਮਿਹਰਾਂ ਕਰਦੀ ਏ , ਦਿਲਜੀਤ ਉੱਤੇ ...



**ਜਿੰਮੀ ਅਹਿਮਦਗੜ੍ਹ**
8195907681

## ਫ਼ਲਸਫ਼ਾ-ਏ-ਇਸ਼ਕ

ਤਸੱਵੁਫ਼ ਫ਼ਲਸਫ਼ਾ ਹੈ,
ਇਸ਼ਕ ਨੂੰ ਸੁਲਝਾਉਣ ਦਾ।
ਤੇ ਅੰਦਰ ਉੱਛਲਦੀ,
ਇਕ 'ਮੈਂ' ਦਾ ਕੋਠਾ ਢਾਹੁਣ ਦਾ।

ਰਮਜ਼ ਤਾਂ ਖੇਡ ਸੀ,
ਅਗਨੀ ਦੇ ਕੁੰਡ ਵਿੱਚ ਤਰਨ
ਦੀ।
ਤੇ ਮੇਰੀ ਜ਼ਿਦ ਰਹੀ,
ਓਸੇ 'ਚੋਂ ਚੂ਼ਲੀ ਭਰਨ ਦੀ।

ਖ਼ੁਦਾ ਸਿਜਦਾ ਕਰੇ,
ਇਸ ਦੇ ਡੂੰਘੇਰੇ ਸਬਰ ਨੂੰ।
ਇਹ ਨਾੜਾਂ ਸੂਤ ਕੇ ਵੀ,
ਮਾਤ ਦੇਂਦਾ ਜਬਰ ਨੂੰ।

ਇਹ ਮੈਂਨੂੰ ਸੂਫ਼ੀਆਂ ਦੇ,
ਨਾਚ ਵਰਗਾ ਜਾਪਦਾ।
ਤੇ ਪੈਰੀਂ ਪੈ ਗਏ,
ਛਾਲੇ ਤੋਂ ਰਸਤਾ ਨਾਪਦਾ।

ਕਦੇ ਬੇਜ਼ਾਰੀਆਂ ਦਾ,
ਭੇਤ ਨਹੀਂ ਇਸ ਖੋਲ੍ਹਿਆ।
ਸਦਾ ਮਹਿਬੂਬ ਦੀ
ਤਾਰੀਫ਼ ਦੇ ਵਿੱਚ ਬੋਲਿਆ।

ਇਹ ਹਰਗਿਜ਼ ਫ਼ਾਰਸੀ,
ਉਰਦੂ, ਪੰਜਾਬੀ ਤੋਂ ਅਗਾਂਹ।
ਇਹ ਰੁਤਬੇ, ਸ਼ੁਹਰਤਾਂ,
ਖ਼ਾਨਾਖ਼ਰਾਬੀ ਤੋਂ ਅਗਾਂਹ।

ਦੁਆਵਾਂ, ਖ਼ਾਹਿਸ਼ਾਂ,
ਯਾਦਾਂ ਦਾ ਇਹ ਦੀਵਾਨ ਹੈ।
ਇਹ ਨੇਜ਼ੇ ਟੰਗੀਆਂ,
ਸੱਧਰਾਂ ਦਾ ਹੀ ਸੁਲਤਾਨ ਹੈ।

ਇਹ ਬਿਹਤਰ ਸੁਪਨਿਆਂ ਨੂੰ,
ਚੁਟਕੀਆਂ ਵਿੱਚ ਟਾ਼ਲਦਾ।
ਤੇ ਆਪਾ ਝੰਗ ਦੇ,
ਬੇਲੇ 'ਚ ਬੈਠਾ ਗਾ਼ਲਦਾ।

ਇਹ ਰੋਸ਼ਨ ਬਿਰਤੀਆਂ ਦੇ,
ਕਰ ਕੇ ਟੋਟੇ ਖਾ ਗਿਆ।
ਤੇ ਲੰਘਿਆ ਜਾਂਵਦਾ,
ਮੇਰੇ ਵੀ ਘਰ ਨੂੰ ਆ ਗਿਆ।

ਤਮਾਸ਼ੇਬਾਜ਼ ਹੈ,
ਨਾ ਚੁੱਪ ਹੈ , ਨਾ ਬੋਲਦਾ।
ਸਦਾ ਕੁਰਬਾਨੀਆਂ ਦੇ,
ਹੱਕ ਵਿੱਚ ਮੂੰਹ ਖੋਲ੍ਹਦਾ।

ਕਿ ਜੁਗਤੀ ਹੋਰ ਸੀ,
ਇਸ ਭੇਤ ਦੇ ਸਰ ਹੋਣ ਦੀ!
ਫ਼ਨਾਹ ਹੋ ਜਾਣ ਦੇ ਲਈ
ਯੋਗਤਾ ਦਰਸਾਉਣ ਦੀ!

ਖ਼ਸਮ ਦੇ ਹੱਥ ਸੀ,
ਜੋ ਨੱਥ ਸੀ, ਇਸ ਲਾਹ ਲਈ।
ਤੇ ਮੈਨੂੰ ਵਰਗਲਾ ਕੇ,
ਗ਼ਲ ਪੰਜਾ਼ਲੀ ਪਾ ਲਈ।



**ਰਿਤੂ ਵਾਸੂਦੇਵ**

## ਪ੍ਰਕਾਸ਼

ਆਓ ਬੱਚਿਓ ਪ੍ਰਕਾਸ਼ ਦੀ ਕਰੀਏ ਬਾਤ
ਪਾਠ ਸੌਖਾ ਮਾਰੀਏ ਇਸ ਤੇ ਪੰਛੀ ਝਾਤ।

ਪ੍ਰਕਾਸ਼ ਹੁੰਦਾ ਊਰਜਾ ਦਾ ਪਦਾਰਥਿਕ ਰੂਪ
ਜੋ ਖੁਦ ਪੈਦਾ ਕਰੇ ਉਹ ਪ੍ਰਕਾਸ਼ਮਾਨ ਸਰੂਪ

ਪ੍ਰਕਾਸ਼ ਉਤਪੰਨ ਨਾ ਕਰੇ ਚੁੱਪਚਾਪ ਬਹਿੰਦੇ
ਪ੍ਰਕਾਸ਼ਹੀਣ ਵਸਤੂ ਨੇ ਉਹਨਾਂ ਨੂੰ ਕਹਿੰਦੇ।

ਪ੍ਰਕਾਸ਼ ਲੰਘ ਜਾਵੇ ਜਿਸ ਦੇ ਆਰ ਤੇ ਪਾਰ
ਪਾਰਦਰਸ਼ੀ ਕਹਿਣ ਤੇ ਨਾ ਕਰੋ ਵਿਚਾਰ॥

ਸ਼ੈਅ ਨਾ ਲੰਘਣ ਦੇਵੇ ਜੋ ਪ੍ਰਕਾਸ਼ ਵਿਚਕਾਰ
ਅਪਾਰਦਰਸ਼ੀ ਵਸਤੂ ਦਾ ਦੱਸਿਆ ਸਾਰ।

ਅੱਧਪਾਰਦਰਸ਼ੀ ਪੂਰਾ ਪ੍ਰਕਾਸ਼ ਨਾ ਲੰਘਾਵੇ
ਇਸ ਰਾਹੀ ਧੁੰਦਲਾ ਧੁੰਦਲਾ ਨਜ਼ਰੀ ਆਵੇ

ਪ੍ਰਕਾਸ਼ ਸਦੀਵੀ ਹੀ ਤੁਰਦਾ ਸਿੱਧਾ ਸਾਰ
ਵਰਤਾਰਾ ਪ੍ਰਕਾਸ਼ ਹੈ ਸਰਲ ਰੇਖੀ ਪ੍ਰਸਾਰ।

ਪ੍ਰਕਾਸ਼ ਦੇ ਰਾਹ ਆਵੇ ਜੇ ਅਪਾਰਦਰਸ਼ੀ
ਪਰਛਾਵਾਂ ਬਣਦਾ ਹੈ ਉਦੋਂ ਅਰਸ਼ੀ-ਫਰਸ਼ੀ।

ਪਾਠ ਦੇ ਚੋਣਵੇ ਤੱਤ ਤੁਹਾਨੂੰ ਨੂੰ ਸਮਝਾਏ
ਕਵਿਤਾ ਨਾਲ ਐਸ ਪੀ ਪ੍ਰਕਾਸ਼ ਤੇ ਚਾਨਣਾ ਪਾਏ।



**ਸੁਰਿੰਦਰਪਾਲ ਸਿੰਘ**



# ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਜਨਮ ਦਿਨ ਮੌਕੇ ਚਰਨ ਛੋਹ ਗੰਗਾ ਵਿਖੇ ਉਮੜਿਆ ਆਦਿਧਰਮੀ ਸੰਗਤਾਂ ਦਾ ਲਾਮਿਸਾਲ ਇਕੱਠ

## ਲੰਬੇ ਸਮੇਂ ਤੋਂ ਵੱਖ-ਵੱਖ ਚੱਲ ਰਹੇ ਦੋਨੋਂ ਟਰੱਸਟਾਂ ਦੇ ਆਗੂ ਹੋਏ ਇਕ ਮੰਚ ਤੇ ਇਕੱਠੇ, ਸੰਗਤਾਂ 'ਚ ਖੁਸ਼ੀ ਦੀ ਲਹਿਰ,ਮਿਸ਼ਨਰੀ ਕਲਾਕਾਰਾਂ ਨੇ ਬੰਨ੍ਹਿਆਂ ਸਮਾਂ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸ੍ਰੀ ਚਰਨ ਛੋਹ ਗੰਗਾ ਅੰਮ੍ਰਿਤਕੁੰਡ ਸੱਚਖੰਡ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਗੁਰੂ ਘਰ ਦੇ ਪ੍ਰਧਾਨ ਸੰਤ ਸੁਰਿੰਦਰ ਦਾਸ ਦੀ ਅਗਵਾਈ 'ਚ ਆਦਿਧਰਮ ਮੰਡਲ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਜਨਮ ਦਿਨ ਨੂੰ ਸਮਰਪਿਤ ਕਰਵਾਇਆ ਸਮਾਗਮ ਅਮਿੱਟ ਯਾਦਾਂ ਛੱਡਦਾ ਹੋਇਆ ਸੰਪਨ ਹੋ ਗਿਆ। ਇਨ੍ਹਾਂ ਦੋ ਦਿਨਾਂ ਸਮਾਗਮਾਂ 'ਚ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਇਲਾਵਾ ਪੰਜਾਬ ਦੇ ਮਾਝਾ, ਦੋਆਬਾ ਸਮੇਤ ਮਾਲਵਾ ਦੀਆਂ ਸੰਗਤਾਂ ਦਾ ਤਾਂ ਇਸ ਵਾਰ ਹੜ੍ਹ ਹੀ ਉੱਮੜ ਆਇਆ ਜਦਕਿ ਗੁਰੂ ਘਰ ਤੋਂ ਇਲਾਵਾ ਮਾਲਵਾ ਖੇਤਰ ਨਾਲ ਸਬੰਧਤ ਸੰਗਤਾਂ ਵਲੋਂ ਸ੍ਰੀ ਚਰਨ ਛੋਹ ਗੰਗਾ ਵਾਲੇ ਪਾਸੇ ਚਾਹ, ਪਕੌੜੇ, ਜਲੇਬੀਆਂ ਅਤੇ ਵੱਖ-ਵੱਖ ਪ੍ਰਕਾਰ ਦੇ ਅਤੁੱਟ ਲੰਗਰ ਵਰਤਾਏ ਗਏ। ਇਨ੍ਹਾਂ ਸਮਾਗਮਾ 'ਚ ਨਵਾਂਸ਼ਹਿਰ ਤੋਂ ਵਿਧਾਇਕ ਡਾ: ਨਛੱਤਰ ਪਾਲ, ਬਸਪਾ ਨੂੰ ਛੱਡਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ ਸ੍ਰੀ ਗੁਰਲਾਲ ਸੈਲਾ ਅਤੇ ਐਸ ਸੀ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਛਪਾਲ ਰਾਜੂ ਵਿਸ਼ੇਸ਼ ਮਹਿਮਾਨਾ ਵਜੋਂ ਹਾਜਰ ਹੋਏ ਜਿਨ੍ਹਾਂ ਦਾ ਗੁਰੂ ਘਰ ਦੀ ਕਮੇਟੀ ਵਲੋਂ ਸੰਤ ਸੁਰਿੰਦਰ ਦਾਸ ਦੀ ਅਗਵਾਈ 'ਚ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਮਾਗਮ 'ਚ ਵੱਡੀ ਖਾਸੀਅਤ ਇਹ ਰਹੀ ਕਿ ਲੰਮੇ ਸਮੇਂ ਤੋਂ 'ਆਲ ਇੰਡੀਆ ਆਦਿ ਧਰਮ ਮਿਸ਼ਨ' ਦੇ ਨਾਮ ਹੇਠ ਚੱਲ ਰਹੇ ਦੋ ਟਰੱਸਟਾਂ ਦੇ ਸਮੁੱਚੇ ਮੈਂਬਰ ਇਕਮੁੱਠ ਹੁੰਦਿਆਂ ਇਕ ਮੰਚ ਤੇ ਬੈਠੇ ਨਜ਼ਰ ਆਏ। ਇਸ ਮੌਕੇ ਤੇ ਸੰਬੋਧਨ ਕਰਦਿਆਂ ਗੁਰੂ ਦੀ ਕਮੇਟੀ ਦੇ ਪ੍ਰਧਾਨ ਸੰਤ ਸੁਰਿੰਦਰ ਦਾਸ ਨੇ ਆਖਿਆ ਕਿ ਮਹਾਨ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆਂ ਦੇ ਜਨਮ ਦਿਨ ਨੂੰ ਸਮਰਪਿਤ ਸਮਾਗਮ ਲਾਲਾ ਮਹਿੰਦਰ ਰਾਮ ਚੁੰਬਰ ਜੀ ਦੇ ਅਹਿਮ ਉਪਰਾਲਿਆਂ ਦੀ ਦੇਣ ਹਨ ਜਿਨ੍ਹਾਂ ਨੇ ਗੁਰੂ ਘਰ ਲਈ ਜ਼ਮੀਨ ਖ਼ਰੀਦ ਕੇ ਆਦਿਧਰਮ ਮਿਸ਼ਨ ਦੇ ਨਿਸ਼ਾਨ ਦੇ ਨਾਂਅ ਤੇ ਰਜਿਸ਼ਟਰੀ ਕਰਵਾਈ ਜਿਸ ਕਰਕੇ ਆਦਿਧਰਮੀ ਸਮਾਜ ਦਾ ਵੱਡਾ ਹਿੱਸਾ ਗੁਰੂ ਘਰ





ਵਿਖੇ ਆਪਣੇ ਰਹਿਫਰ ਬਾਬੂ ਮੰਗੂ ਰਾਮ ਮੁੱਗੋਵਾਲੀਆਂ ਦੇ ਜਨਮ ਦਿਨ ਮਨਾਉਂਦਿਆਂ ਨਤਮਸਤਕ ਹੋਇਆ ਹੈ। ਉਨ੍ਹਾਂ ਸੰਗਤਾ ਦਾ ਵੱਡਾ ਇਕੱਠ ਹੋਣ ਦਾ ਕਾਰਣ ਲੰਮੇ ਸਮੇਂ ਤੋਂ ਰੁੱਸੇ ਹੋਏ ਆਗੂ ਇੱਕ ਮੰਚ ਤੇ ਇਕੱਤਰ ਹੋਣਾ ਦੱਸਿਆ। ਉਨ੍ਹਾਂ ਦੱਸਿਆ ਕਿ ਕਾਂਸ਼ੀ ਬਨਾਰਸ ਵਿਖੇ ਜੋ ਗੁਰੂ ਮਹਾਰਾਜ ਜੀ ਦੇ ਜਨਮ ਦਿਨ ਤੇ ਵੱਡੀ ਸ਼ੋਭਾ ਯਾਤਰਾ ਨਿਕਲਦੀ ਹੈ ਉਹ ਪਹਿਲੇ ਅਲੱਗ ਅਲੱਗ ਕੱਢੀ ਜਾਂਦੀ ਸੀ ਪਰ ਇਸ ਬਾਰ ਉਸ ਦੀ ਮੰਨਜ਼ੂਰੀ ਵੀ ਇਕ ਹੋਵੇਗੀ ਤੇ ਯਾਤਰਾ ਵੀ ਸਾਂਝੇ ਤੌਰ ਤੇ ਇਕ ਕੱਢੀ ਜਾਵੇਗੀ। ਉਨ੍ਹਾਂ ਆਖਿਆ ਕਿ 1965 ਤੋਂ ਬਾਬਾ ਬੰਤਾ ਰਾਮ ਘੇੜਾ ਵਲੋਂ ਜੋ ਮਿਸ਼ਨ ਉਲੀਕਿਆ ਗਿਆ ਸੀ ਉਸੇ ਮਿਸ਼ਨ ਦੇ ਤਹਿਤ ਸਾਰੀ ਸੰਗਤ ਗੁਰੂ ਰਵਿਦਾਸ ਮਹਾਰ-ਾਜ ਜੀ ਦੇ ਜਨਮ ਸਥਾਨ ਸੀਰਗੋਵਰਧਨ ਪੁਰ ਕਾਂਸ਼ੀ ਬਨਾਰਸ ਵਿਖੇ ਨਤਮਸਤਕ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੇਗੀ। ਉਨ੍ਹਾਂ ਕਿਹਾ ਕਿ ਗੁਰੂ ਘਰ ਵਿਖੇ ਜਿਵੇਂ ਇਸ ਵਾਰ ਨਵੇਂ ਕਮਰਿਆਂ ਦੀ ਉਸਾਰੀ ਹੋਈ ਹੈ ਸੰਗਤਾਂ ਵਾਸਤੇ ਉਹ ਵਿਕਾਸ ਕਾਰਜ ਸੰਗਤਾਂ ਦੇ ਸਹਿਯੋਗ ਸਦਕਾ ਇਸੇ ਤਰਾਂ ਜਾਰੀ ਰਹਿਣਗੇ। ਉਨ੍ਹਾਂ ਐਲਾਨ ਕੀਤਾ ਕਿ ਗੁਰੂ ਰਵਿਦਾਸ ਮਹਾਰਾਜ ਦੇ ਮਿਸ਼ਨ ਨੂੰ ਘਰ ਘਰ ਤੱਕ ਪਹੁੰਚਾਉਣ ਲਈ 13 ਫਰਵਰੀ ਨੂੰ ਇਕ ਵੱਡੀ ਕਮੇਟੀ ਦਾ ਗਠਨ ਕਾਸ਼ੀ ਵਿਖੇ ਇਕੱਠ ਦੌਰਾਨ ਹੋਵੇਗਾ ਉਹ ਟੀਮ ਭਾਰਤ ਅੰਦਰ ਆਦਿਧਰਮੀਆਂ ਨੂੰ ਇਕੱਠੇ ਕਰਨ ਦਾ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਅਦਿਧਰਮ ਮੰਡਲ ਦਾ ਸੌ ਸਾਲਾ ਦਿਨ 11-12 ਜੂਨ 2026 ਨੂੰ ਆ ਰਿਹੈ ਉਹ ਵੀ ਗੁਰੂ ਘਰ ਦੀ ਬਣ ਰਹੀ ਇਕ ਕਮੇਟੀ ਉਸ ਨੂੰ ਵੱਡੇ ਪੱਧਰ ਤੇ ਮਨਾਏਗੀ। ਇਸ ਮੌਕੇ ਤੇ ਗਾਇਕ ਬਾਬਾ ਬਲਰਾਮ ਸਿੰਘ ਜੀ ਭਵਾਨੀਪੁਰ, ਬਲਵਿੰਦਰ ਬਿੱਟੂ, ਗਿਆਨ ਗੰਗੜ, ਭਾਈ ਕਮਲਰਾਜ ਸਿੰਘ ਦੇ ਜਥੇ ਵਲੋਂ ਮਿਸ਼ਨਰੀ ਪ੍ਰੋਗਰਾਮ ਪੇਸ਼ ਕੀਤਾ ਗਿਆ ਜਦਕਿ ਪ੍ਰਗਤੀ ਕਲਾ ਕੇਂਦਰ ਖੰਨਾ ਵਲੋਂ ਕੋਰੀਓਗ੍ਰਾਫ਼ੀਆਂ ਪੇਸ਼ ਕੀਤੀਆਂ ਗਈਆਂ। ਬਿਹਾਰ ਤੋਂ ਸੰਤ ਸੁਰਿੰਦਰ ਦਾਸ (ਬੰਕਾ) ਪ੍ਰਧਾਨ ਪੱਛਮੀ ਬੰਗਾਲ ਝਾਰਖੰਡ, ਸੰਤ ਪ੍ਰੇਮ ਦਾਸ ਲਲਿਤਪੁਰ ਉੱਤਰ ਪ੍ਰਦੇਸ਼, ਸੰਤ ਰਮਾ ਦਾਸ ਮੱਧ ਪ੍ਰਦੇਸ਼ ਵਲੋਂ ਉਚੇਚੇ ਤੌਰ ਤੇ ਸ਼ਿਰਕਤ ਕੀਤੀ ਗਈ। ਸੰਤ ਸੁਰਿੰਦਰ ਦਾਸ ਵਲੋਂ ਆਈਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਤੇ ਕੌਮੀ ਚੇਅਰਮੈਨ ਬੀਬੀ ਕਮਲੇਸ਼ ਕੌਰ ਘੇੜਾ ਦੀ ਸਰਪ੍ਰਸਤੀ ਹੇਠ ਗੁਰੂ ਘਰ ਦੀ ਕਮੇਟੀ ਦੇ ਚੇਅਰਮੈਨ ਨਾਜਰ ਰਾਮ ਮਾਨ, ਪ੍ਰਧਾਨ ਸੰਤ ਸੁਰਿੰਦਰ ਦਾਸ, ਸੰਤ ਕਰਮ ਚੰਦ, ਸੰਤ ਗਿਰਧਾਰੀ ਜੀ ਮੁੱਖ ਗ੍ਰੰਥੀ, ਪੰਜਾਬ ਪ੍ਰਧਾਨ ਸੰਤ ਦਿਆਲ ਚੰਦ ਬੰਗਾ, ਪੀ ਐਲ ਸੂਦ, ਸੰਤ ਨਿਰੰਜਣ ਦਾਸ, ਸੰਤ ਹਰਬੰਸ ਸਿੰਘ, ਮਾਸਟਰ ਰਾਜ ਕੁਮਾਰ, ਮਨਜੀਤ ਕੁਮਾਰ ਮੁੱਗੋਵਾਲ, ਭਜਨ ਮਿਸਤਰੀ, ਬਲਵਿੰਦਰ ਸਿੰਘ, ਪ੍ਰਿੰਸੀਪੀਲ ਸਰੂਪ ਚੰਦ, ਰਾਮ ਆਸਰਾ ਖੁਰਾਲੀ ਅਤੇ ਦੂਸਰੇ ਟਰੱਸਟ ਵਲੋਂ ਇਕ ਮੰਚ ਤੇ ਇਕੱਠੇ ਹੋਏ ਸਿਮਰ ਚੰਦ ਜੋਸ਼ੀਲਾ, ਜਰਾ ਸਿੰਧ, ਅਜੈ ਪਾਲ, ਸੁਰਿੰਦਰ ਚੁੰਬਰ, ਸੰਤ ਬਲਵੀਰ ਚਾਵਾ, ਅਮਰੀਕ ਸਿੰਘ ਅਮਲੋਹ, ਡਾਕਟਰ ਬਚਿੱਤਰ ਸਿੰਘ , ਗੁਰਪ੍ਰੀਤ ਸਿੰਘ ਮਾਦਪੁਰ, ਗੁਰਵਿੰਦਰ ਸਿੰਘ ਫੌਜੀ, ਹੰਸ ਰਾਜ ਅਮਲੋਹ, ਜਸਵਿੰਦਰ ਸਿੰਘ ਕਾਲਾ ਸਮੇਤ 60 ਤੋਂ ਵੱਧ ਆਗੂ ਸ਼ਾਮਲ ਹੋਏ।

# ਸੀ.ਐਸ.ਆਰ. ਤਹਿਤ ਸਮਾਜਿਕ ਉੱਨਤੀ ਲਈ ਵਰਧਮਾਨ ਯਾਰਨਜ਼ ਵੱਲੋਂ ਕੀਤੇ ਜਾ ਰਹੇ ਉਪਰਾਲੇ ਬਹੁਤ ਹੀ ਸ਼ਲਾਘਾਯੋਗ - ਡਾ. ਇਸ਼ਾਂਕ ਕੁਮਾਰ

## ਚੱਬੇਵਾਲ ਪ੍ਰਾਇਮਰੀ ਸਕੂਲ ਵਿੱਚ 30 ਲੱਖ ਦੀ ਲਾਗਤ ਨਾਲ ਹੋਏ ਸੁਧਾਰ ਕਾਰਜਾਂ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** "ਕਿਸੇ ਵੀ ਦੇਸ਼ ਦੀ ਤਰੱਕੀ ਉਦੋਂ ਦੁੱਗਣੀ ਹੋ ਜਾਂਦੀ ਹੈ ਜਦੋਂ ਉਸ ਦੇਸ਼ ਦੀ ਸਨਅਤ ਵੀ ਸਮਾਜ ਸੁਧਾਰ ਦੇ ਕੰਮਾਂ ਵਿਚ ਸਰਕਾਰ ਦਾ ਸਾਥ ਦਿੰਦੀ ਹੈ", ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਅੱਜ ਪਿੰਡ ਚੱਬੇਵਾਲ ਦੇ ਪ੍ਰਾਇਮਰੀ ਸਕੂਲ ਵਿੱਚ ਵਰਧਮਾਨ ਯਾਰਨਜ਼ ਐਂਡ ਥਰੈਡਜ਼ ਲਿਮਟਿਡ ਹੁਸ਼ਿਆਰਪੁਰ ਦੀ ਟੀਮ ਦੇ ਨਾਲ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਚੱਬੇਵਾਲ ਦੇ ਇਸ ਪ੍ਰਾਇਮਰੀ ਸਕੂਲ ਵਿੱਚ ਵਰਧਮਾਨ ਗਰੁੱਪ ਵੱਲੋਂ ਆਪਣੇ ਸੀ.ਐਸ.ਆਰ ਪ੍ਰੋਗਰਾਮ ਤਹਿਤ 30 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਫਰਨੀਚਰ ਅਤੇ ਫਿਕਸਚਰ ਨਾਲ ਦੋ ਕਲਾਸ ਰੂਮ ਬਣਾਏ ਗਏ, ਇੱਕ ਮਿਡ-ਡੇ-ਮੀਲ ਸ਼ੈੱਡ ਬਣਾਇਆ ਗਿਆ ਅਤੇ ਆਰ.ਓ. ਵਾਲਾ ਵਾਟਰ ਕੂਲਰ ਵੀ ਮੁਹੱਈਆ ਕਰਵਾਇਆ ਗਿਆ ਅਤੇ ਇਸ ਸਭ ਦਾ ਉਦਘਾਟਨ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਰ ਸਕੂਲ ਨੂੰ ਸਮਰਪਿਤ ਕੀਤਾ । ਇੱਥੇ ਵਰਣਨਯੋਗ ਹੈ ਕਿ ਸੀਐਸਆਰ ਜਾਣੀ ਕਿ ਉਦਯੋਗਾਂ ਦੀ ਸਮਾਜਿਕ ਜ਼ਿੰਮੇਵਾਰੀ ਦੇ ਤਹਿਤ ਹੁਸ਼ਿਆਰਪੁਰ ਦੀ ਨਾਮਵਰ ਇੰਡਸਟਰੀ ਵਰਧਮਾਨ ਯਾਰਨਜ਼ ਸਿੱਖਿਆ, ਸਿਹਤ, ਪੇਂਡੂ ਵਿਕਾਸ, ਵਾਤਾਵਰਣ ਅਤੇ ਸਥਿਰਤਾ ਦੇ ਖੇਤਰ ਵਿੱਚ ਵੱਖ-ਵੱਖ ਗਤੀਵਿਧੀਆਂ ਕਰ ਰਹੀ ਹੈ। ਇਸੇ ਲੜੀ ਤਹਿਤ ਉਨ੍ਹਾਂ ਨੇ ਇਹ ਸਾਰੇ ਕੰਮ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਚੱਬੇਵਾਲ ਵਿੱਚ ਕਰਵਾਏ। ਡਾ. ਇਸ਼ਾਂਕ ਨੇ ਵਰਧਮਾਨ ਗਰੁੱਪ ਦੁਆਰਾ ਇਸ ਸਕੂਲ ਅਤੇ ਹੁਸ਼ਿਆਰਪੁਰ ਦੇ ਹੋਰ ਸਕੂਲਾਂ ਵਿੱਚ ਕੀਤੇ ਜਾ ਰਹੇ ਸੁਧਾਰ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਸਮਾਰੋਹ ਦੌਰਾਨ ਉਨ੍ਹਾਂ ਕਿਹਾ ਕਿ ਸਿੱਖਿਆ ਸਮਾਜ ਦੇ ਵਿਕਾਸ ਦੇ ਪੈਰਾਡਾਈਮ ਵਿੱਚ ਇੱਕ ਮਹੱਤਵਪੂਰਨ ਸਥਾਨ ਰੱਖਦੀ ਹੈ ਅਤੇ ਵਰਧਮਾਨ ਆਪਣੀਆਂ ਸੀਐਸਆਰ ਗਤੀਵਿਧੀਆਂ ਤਹਿਤ ਪਹਿਲਕਦਮੀ ਕਰਕੇ ਹੁਸ਼ਿਆਰਪੁਰ ਸ਼ਹਿਰ ਅਤੇ ਇਸ ਦੇ ਆਲੇ-ਦੁਆਲੇ ਅਜਿਹੇ ਵਿਕਾਸ ਨੂੰ ਸਮਰਥਨ ਦੇਣ ਅਤੇ ਉਤਸ਼ਾਹਿਤ ਕਰਨ ਵਿੱਚ ਹਮੇਸ਼ਾ ਮੋਹਰੀ ਰਿਹਾ ਹੈ। ਉਨ੍ਹਾਂ ਵਰਧਮਾਨ ਪ੍ਰਬੰਧਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਵਾਤਾਵਰਨ ਦੀ ਸੰਭਾਲ ਨਾਲ ਸਬੰਧਤ ਕੰਮਾਂ ਵਿੱਚ ਵੀ ਸਹਿਯੋਗ ਦੇਣ, ਖਾਸ ਕਰਕੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਹੇਠਾਂ ਜਾਣ ਤੋਂ ਰੋਕਣ ਲਈ ਬਰਸਾਤੀ ਪਾਣੀ ਦੀ ਸੰਭਾਲ ਲਈ ਵੱਧ ਤੋਂ ਵੱਧ ਕੰਮ ਕੀਤਾ ਜਾਵੇ।



ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਰ ਵੱਡੇ ਕੰਮ ਦੀ ਸ਼ੁਰੂਆਤ ਕਲਪਨਾ ਨਾਲ ਹੁੰਦੀ ਹੈ। ਉਨ੍ਹਾਂ ਕਿਹਾ, "ਸੁਪਨੇ ਤਾਂ ਹੀ ਸਾਕਾਰ ਹੁੰਦੇ ਹਨ, ਜਦੋਂ ਅਸੀਂ ਉਨ੍ਹਾਂ ਨੂੰ ਦੇਖਣ ਦੀ ਹਿੰਮਤ ਰੱਖਦੇ ਹਾਂ ਅਤੇ ਪੂਰੀ ਲਗਨ ਅਤੇ ਦ੍ਰਿੜ ਇਰਾਦੇ ਨਾਲ ਉਨ੍ਹਾਂ ਲਈ ਕੰਮ ਕਰਦੇ ਹਾਂ। ਸਮਰਪਣ ਅਤੇ ਸਹੀ ਦਿਸ਼ਾ ਵਿੱਚ ਯਤਨ ਹੀ ਸਫਲਤਾ ਦੀ ਕੁੰਜੀ ਹਨ।" ਡਾ. ਇਸ਼ਾਂਕ ਨੇ ਵਿਦਿਆਰਥੀਆਂ ਨੂੰ ਆਪਣੇ ਟੀਚੇ ਨਿਰਧਾਰਤ ਕਰਨ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਵਰਧਮਾਨ ਦੇ ਡਾਇਰੈਕਟਰ (ਵਿੱਤ ਅਤੇ ਪ੍ਰਸ਼ਾਸਨ) ਤਰੁਣ ਚਾਵਲਾ ਨੇ ਵੀ ਹਾਜ਼ਰ ਸਕੂਲ ਸਟਾਫ਼ ਅਤੇ ਹੋਰ ਪਤਵੰਤਿਆਂ ਨੂੰ ਸੰਬੋਧਨ ਕੀਤਾ ਅਤੇ ਸਕੂਲ ਦੇ ਬਿਹਤਰ ਬੁਨਿਆਦੀ ਢਾਂਚੇ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਜੋ ਕਿ ਸਿੱਖਿਆ ਲਈ ਸਕਾਰਾਤਮਕ ਮਾਹੌਲ ਬਣਾਉਣ ਅਤੇ ਸਕੂਲਾਂ ਦੀ ਸਥਿਤੀ ਨੂੰ ਸੁਧਾਰਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ ਅਤੇ ਬੱਚਿਆਂ ਦੀ ਪੜ੍ਹਾਈ 'ਤੇ ਵੀ ਸਿੱਧਾ ਅਸਰ ਪਾਉਂਦਾ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਡਾ. ਇਸ਼ਾਂਕ ਦੇ ਕਹੇ ਅਨੁਸਾਰ ਉਹ ਜਲਦੀ ਹੀ ਚੱਬੇਵਾਲ ਦੇ ਸਕੂਲਾਂ ਵਿੱਚ ਰੇਨ ਵਾਟਰ ਹਾਰਵੈਸਟਿੰਗ ਦਾ ਕੰਮ ਵੀ ਸ਼ੁਰੂ ਕਰਵਾ ਦੇਣਗੇ। ਇਸ ਮੌਕੇ ਸਕੂਲ ਦੇ ਬੱਚਿਆਂ ਵੱਲੋਂ ਪੇਸ਼ ਕੀਤੇ ਗਏ ਸੱਭਿਆਚਾਰਕ ਪ੍ਰੋਗਰਾਮ ਦੀ ਵੀ ਸਾਰਿਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ। ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ) ਸੁਖਵਿੰਦਰ ਸਿੰਘ ਅਤੇ ਸਕੂਲ ਦੇ ਪ੍ਰਿੰਸੀਪਲ ਮੈਡਮ ਨੀਲਮ ਅਤੇ ਉਨ੍ਹਾਂ ਦੇ ਸਟਾਫ਼ ਨੇ ਵਿਧਾਇਕ ਡਾ. ਇਸ਼ਾਂਕ ਕੁਮਾਰ ਅਤੇ ਵਰਧਮਾਨ ਦੀ ਟੀਮ ਦੁਆਰਾ ਸਕੂਲ ਲਈ ਕੀਤੇ ਕੰਮਾਂ ਲਈ ਉਹਨਾਂ ਦਾ ਧੰਨਵਾਦ ਕੀਤਾ । **ਫੋਟੋ ਅਜਮੇਰ ਦੀਵਾਨਾ**

# ਸਿੱਖ ਨੈਸ਼ਨਲ ਕਾਲਜ ਬੰਗਾ ਦੇ ਪ੍ਰਿੰਸੀਪਲ ਡਾਕਟਰ ਤਰਸੇਮ ਸਿੰਘ ਭਿੰਡਰ ਨੇ ਡਾਕਟਰ ਬਖਸੀਸ ਸਿੰਘ ਨੂੰ ਕੀਤਾ ਸਨਮਾਨਿਤ

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)** ਸਿੱਖ ਨੈਸ਼ਨਲ ਕਾਲਜ ਬੰਗਾ ਦੇ ਐੱਨ ਐੱਸ ਐੱਸ ਵਿਭਾਗ ਵਲੋਂ ਆਯੋਜਿਤ ਸੱਤ ਰੋਜ਼ਾ ਕੈਂਪ ਮਿਤੀ 29 ਦਸੰਬਰ , 2024 ਨੂੰ ਸਫਲਤਾਪੂਰਵਕ ਸੰਪੰਨ ਹੋਇਆ। ਕੈਂਪ ਦੇ ਅੰਤਲੇ ਸੈਸ਼ਨ ਵਿਚ ਬਤੌਰ ਮੁੱਖ ਮਹਿਮਾਨ ਵਜੋਂ ਡਾ. ਬਖਸ਼ੀਸ਼ ਸਿੰਘ ਹਾਜ਼ਰ ਹੋਏ। ਇਸ ਸੈਸ਼ਨ ਦੀ ਪ੍ਰਧਾਨਗੀ ਕਾਲਜ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਨੇ ਕੀਤੀ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦਿਆਂ ਉਹਨਾਂ ਨੇ ਪਿਛਲੇ ਦਿਨੀਂ ਕੈਂਪ ਦੌਰਾਨ ਪਿੰਡ ਗੁਣਾਚੌਰ ਵਿਚ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਐੱਨਐੱਸਐੱਸ ਵਿਭਾਗ ਵਲੋਂ ਪ੍ਰਦਾਨ ਕੀਤੇ ਜਾਦੇ ਮੌਕਿਆਂ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ ਤਾਂ ਜੋ ਵਿਦਿਆਰਥੀ ਵੱਧ ਤੋਂ ਵੱਧ ਇਕ ਨਰੋਏ ਸਮਾਜ ਦੀ ਸਿਰ-ਜਣਾ ਵਿਚ ਆਪਣਾ ਯੋਗਦਾਨ ਪਾ ਸਕਣ।ਡਾ. ਬਖਸ਼ੀਸ਼ ਸਿੰਘ ਜੀ ਨੇ ਵਲੰਟੀਅਰਾਂ ਦੀ ਹੌਂਸਲਾ ਅਫ਼ਜਾਈ ਕਰਦਿਆਂ ਉਹਨਾਂ ਨੂੰ ਆਪਣੇ ਅਤੇ ਆਪਣੇ ਆਲੇ-ਦੁਆਲੇ ਦੇ ਵਾਤਾਵਰਨ ਨੂੰ ਪਹਿਲ ਦੇ ਆਧਾਰ 'ਤੇ ਤਰਜੀਹ ਦੇ ਕੇ ਸਾਫ਼ ਰੱਖਣ ਦਾ ਸੰਕਲਪ ਦ੍ਰਿੜ ਕਰਵਾਇਆ ਅਤੇ ਨੇਕ ਨੀਅਤੀ ਤਹਿਤ ਵੱਧ ਤੋਂ ਵੱਧ ਅਜਿਹੇ ਯਤਨ ਕਰਦੇ ਰਹਿਣ ਲਈ ਪ੍ਰੇਰਿਆ। ਇਸ ਮੌਕੇ ਵਿਦਿਆਰਥੀਆਂ ਵਲੋਂ ਸੱਭਿਆਚਾਰਕ ਵੰਨਗੀਆਂ ਦੀਆਂ ਪੇਸ਼ਕਾਰੀਆਂ ਵੀ ਦਿੱਤੀਆਂ ਗਈਆਂ ਅਤੇ ਪ੍ਰਵੀਨ, ਗੁਰਪ੍ਰੀਤ ਸਿੰਘ, ਰਾਹੁਲ ਸ਼ਰਮਾ, ਸਮਰੱਥਜੀਤ ਸਿੰਘ, ਅਮਰਦੀਪ ਸਿੰਘ, ਸੁਖਨੀਤ ਕੌਰ ਵੱਲੋਂ ਆਪਣੇ ਤਜਰਬੇ ਸਾਂਝੇ ਕੀਤੇ ਗਏ । ਪ੍ਰੋਗਰਾਮ ਅਫਸਰ ਪ੍ਰੋ. ਵਿਪਨ ਜੀ ਵੱਲੋਂ ਕੈਂਪ ਦੀ ਰਿਪੋਰਟ ਪੇਸ਼ ਕੀਤੀ ਗਈ। ਸਮੁੱਚੇ ਕੈਂਪ ਦੌਰਾਨ ਵਿਚਾਰ - ਚਰਚਾਂ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਵਿੱਚੋਂਹੰਸ਼ਵੀਰ, ਰਾਹੁਲ ਸ਼ਰਮਾ,ਸੁਖਨੀਤ ਕੌਰ ਨੂੰ ਸਨਮਾਨਿਤ ਕੀਤਾ ਗਿਆ ਜਦ ਕਿ ਪੋਸਟਰ ਮੁਕਾਬਲੇ ਵਿੱਚੋਂ ਸਿਧਾਰਥ , ਕਿਰਨ, ਕਰਿਤਿਕਾ ਨੂੰ ਸਨਮਾਨਿਤ ਕੀਤਾ ਗਿਆ ਅਤੇ ਸਲੋਗਨ ਮੁਕਾਬਲੇ ਵਿੱਚੋਂ ਸੁਖਮਨਵੀਰ ਸਿੰਘ, ਮੁਸਕਾਨ ਅਤੇ ਸਮਰੱਥਜੀਤ ਸਿੰਘ ਨੂੰ ਪਹਿਲੇ, ਦੂਜੇ ਅਤੇ ਤੀਜੇ ਸਥਾਨ ਲਈ ਸਨਮਾਨਿਤ ਕੀਤਾ ਗਿਆ।ਸਰਵੋਤਮ ਵਲੰਟੀਅਰ ਦਾ ਸਨਮਾਨ ਪ੍ਰਵੀਨ ਰੱਲ (ਲੜਕੇ) ਅਤੇ ਸਿਮਰਨ (ਲੜਕੀਆਂ) ਨੂੰ ਦਿੱਤਾ ਗਿਆ।ਗੁਰਪ੍ਰੀਤ ਸਿੰਘ ਅਤੇ ਮਾਈਕਲ ਨੂੰ ਸਮੁੱਚੇ ਕੈਂਪ ਦੀ ਅਗਵਾਈ ਕਰਨ ਵਾਲੇ ਆਗੂ ਵਲੰਟੀਅਰਾਂ ਵਜੋਂ ਸਨਮਾਨਿਤ ਕੀਤਾ ਗਿਆ ਜਦ ਕਿ ਗੀਤ ਸੰਗੀਤ ਵਿਚ ਹਰਮਨ ਕਵਿਤਾ ਵਿਚ ਸੁਖਮਨ ਅਤੇ ਦਰਪਣ ਨੂੰ ਸਨਮਾਨਿਆ ਗਿਆ।ਪ੍ਰੋਗਰਾਮ ਅਫ਼ਸਰ ਡਾ. ਨਿਰਮਲਜੀਤ ਕੌਰ ਨੇ ਕੈਂਪ ਦੌਰਾਨ ਹੋਏ ਅਨੁਭਵਾਂ ਨੂੰ ਸਾਂਝੇ ਕਰਨ ਦੇ ਨਾਲ ਨਾਲ ਮੰਚ ਸੰਚਾਲਨ ਕੀਤਾ। ਪ੍ਰੋਗਰਾਮ ਦੇ ਆਖਰ ਵਿੱਚ ਪ੍ਰੋ. ਵਿਪਨ ਜੀ ਵਲੋਂ ਕੈਂਪ ਨਾਲ ਜੁੜੇ ਹਰ ਵਿਅਕਤੀ ਦਾ ਧੰਨਵਾਦ ਕੀਤਾ ਗਿਆ।ਸਮੁੱਚੇ ਕੈਂਪ ਦੌਰਾਨ ਵਲੰਟੀਅਰਾਂ ਦੀ ਰਿਫਰੈਸ਼ਮੈਂਟ ਦਾ ਖਾਸ ਖਿਆਲ ਰੱਖਿਆ ਗਿਆ।



# ਵਿਧਾਇਕ ਜਿੰਪਾ ਨੇ ਇਨਡੋਰ ਸਟੇਡੀਅਮ ਦੇ ਵਿਸਥਾਰ ਦੇ ਕੰਮ ਕੀਤਾ ਉਦਘਾਟਨ

## 50 ਲੱਖ ਰੁਪਏ ਦੀ ਲਾਗਤ ਨਾਲ ਇਨਡੋਰ ਸਟੇਡੀਅਮ ਦਾ ਵਿਸਥਾਰ ਹੋਵੇਗਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਇਨਡੋਰ ਸਟੇਡੀਅਮ ਵਿਚ ਇਕ ਮਹੱਤਵਪੂਰਨ ਪ੍ਰੋਜੈਕਟ ਦੀ ਸ਼ੁਰੂਆਤ ਕਰਦੇ ਹੋਏ ਸਟੇਡੀਅਮ ਦੇ ਵਿਸਥਾਰ ਕੰਮ ਦੀ ਸ਼ੁਰੂਆਤ ਕੀਤੀ। ਇਹ ਕੰਮ ਬਾਕਸਿੰਗ ਅਤੇ ਕੁਸ਼ਤੀ ਦੇ ਖੇਤਰ ਵਿਚ ਕੀਤਾ ਜਾ ਰਿਹਾ ਹੈ ਜਿਸ ਵਿਚ ਖੇਡ ਪ੍ਰੇਮੀਆਂ ਅਤੇ ਖਿਡਾਰੀਆਂ ਨੂੰ ਬਿਹਤਰ ਸੁਵਿਧਾ ਮਿਲ ਸਕੇਗੀ। ਇਸ ਪ੍ਰੋਜੈਕਟ 'ਤੇ ਕਰੀਬ 50 ਲੱਖ ਰੁਪਏ ਦੀ ਲਾਗਤ ਆਵੇਗੀ।

ਵਿਧਾਇਕ ਨੇ ਦੱਸਿਆ ਕਿ ਉਨ੍ਹਾਂ ਨੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨਾਲ ਇਸ ਪ੍ਰੋਜੈਕਟ ਦੇ ਬਾਰੇ ਵਿਚ ਚਰਚਾ ਕੀਤੀ ਸੀ ਅਤੇ ਉਨ੍ਹਾਂ ਦੇ ਸਹਿਯੋਗ ਨਾਲ ਇਸ ਪ੍ਰੋਜੈਕਟ ਨੂੰ ਸ਼ੁਰੂ ਕੀਤਾ ਗਿਆ ਹੈ। ਇਹ ਵਿਸਥਾਰ ਵਿਸ਼ੇਸ਼ ਤੌਰ 'ਤੇ ਬਾਕਸਿੰਗ ਅਤੇ ਕੁਸ਼ਤੀ ਦੇ ਖਿਡਾਰੀਆਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾ ਰਿਹਾ ਹੈ ਤਾਂ ਜੋ ਉਨ੍ਹਾਂ ਨੂੰ ਅਭਿਆਸ ਦੇ ਲਈ ਵੱਧ ਸਥਾਨ ਮਿਲ ਸਕੇ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਖੇਡਾਂ ਨੂੰ ਉਤਸ਼ਾਹਿਤ ਕਰਨਾ ਅਤੇ ਖਿਡਾਰੀਆਂ ਨੂੰ ਹਰ ਸੰਭਵ ਸੁਵਿਧਾ ਪ੍ਰਦਾਨ ਕਰਨਾ ਹੈ। ਇਹ ਵਿਸਥਾਰ ਬਾਕਸਿੰਗ ਅਤੇ ਕੁਸ਼ਤੀ ਸਿਖਣ ਵਾਲਿਆਂ ਲਈ ਇਕ ਵੱਡਾ ਕਦਮ ਸਾਬਤ ਹੋਵੇਗਾ।


ਵਿਧਾਇਕ ਨੇ ਇਸ ਮੌਕੇ ਇਹ ਵੀ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਖੇਡਾਂ ਨੂੰ ਵਧਾਵਾ ਦੇਣ ਲਈ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਖਿਡਾਰੀਆਂ ਦੀ ਜ਼ਰੂਰਤਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਉਚ ਪੱਧਰ ਦੀਆਂ ਸਹੂਲਤਾਂ ਉਪਲਬੱਧ ਕਰਵਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਇਹ ਯਤਨ ਨਾ ਕੇਵਲ ਖਿਡਾਰੀਆਂ ਲਈ ਲਾਭਕਾਰੀ ਹੋਵੇਗਾ ਬਲਕਿ ਹੁਸ਼ਿਆਰਪੁਰ ਨੂੰ ਖੇਡ ਨਕਸ਼ੇ 'ਤੇ ਇਕ ਨਵੀਂ ਪਹਿਚਾਣ ਦਿਵਾਉਣ ਵਿਚ ਸਹਾਈ ਸਾਬਤ ਹੋਵੇਗਾ। ਇਸ ਪ੍ਰੋਜੈਕਟ ਦੀ ਸ਼ੁਰੂਆਤ ਨਾਲ ਸਥਾਨਕ ਖੇਡ ਸਮੂਦਾਏ ਵਿਚ ਉਤਸ਼ਾਹ ਦਾ ਮਾਹੌਲ ਹੈ। ਖਿਡਾਰੀਆਂ ਅਤੇ ਕੋਚਾਂ ਨੇ ਇਸ ਕਦਮ ਦੀ ਸ਼ਲਾਘਾ ਕੀਤੀ ਅਤੇ ਉਮੀਦ ਕੀਤੀ ਕਿ ਇਸ ਪ੍ਰਕਾਰ ਦੇ ਯਤਨਾਂ ਨਾਲ ਨਾ ਕੇਵਲ ਖੇਡ ਪ੍ਰਤਿਭਾ ਉਭਰ ਕੇ ਸਾਹਮਣੇ ਆਵੇਗੀ ਬਲਕਿ ਖੇਤਰੀ ਅਤੇ ਰਾਸ਼ਟਰੀ ਪੱਧਰ 'ਤੇ ਵੀ ਉਪਲਬੱਧੀਆਂ ਹਾਸਲ ਹੋਵੇਗੀ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਚੇਅਰਮੈਨ ਨਗਰ ਸੁਧਾਰ ਟਰੱਸਟ ਹਰਮੀਤ ਸਿੰਘ ਔਲਖ, ਦਿ ਹੁਸ਼ਿਆਰਪੁਰ ਸੈਂਟਰ ਕੁਆਪ੍ਰੇਟਿਵ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤਾ ਚੌਧਰੀ, ਐਕਸੀਅਨ ਗੁਰਮੀਤ ਸਿੰਘ, ਵਰਿੰਦਰ ਸ਼ਰਮਾ ਬਿੰਦੂ, ਵਰਿੰਦਰ ਵੈਦ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।



# ਹੁਸ਼ਿਆਰਪੁਰ ਤੋਂ ਗੜ੍ਹਸ਼ੰਕਰ ਤੱਕ ਸੜਕ ਨੂੰ ਹਾਦਸਾਮੁਕਤ ਬਣਾਉਣ ਲਈ ਖਰਚ ਕੀਤੇ ਜਾ ਰਹੇ ਹਨ 8.21 ਲੱਖ ਰੁਪਏ - ਡਿਪਟੀ ਕਮਿਸ਼ਨਰ

## ਜ਼ਿਲ੍ਹੇ 'ਚ ਬਲੈਕ ਸਪੋਟਸ ਦੀ ਗਿਣਤੀ ਘੱਟ ਕੇ 23 ਹੋਈ, ਸੜਕ ਦੁਰਘਨਾਵਾਂ 'ਚ ਵੀ 43 ਫੀਸਦੀ ਕਮੀ ਆਈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਰਾਸ਼ਟਰੀ ਸੜਕ ਸੁਰੱਖਿਆ ਮਹੀਨਾ 31 ਜਨਵਰੀ ਤੱਕ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਇਸ ਮੁਹਿੰਮ ਦਾ ਮਕਸਦ ਸੜਕ ਸੁਰੱਖਿਆ ਪ੍ਰਤੀ ਜਾਗਰੂਕਤਾ ਵਧਾਉਣਾ ਹੈ ਜਿਸ ਦਾ ਵਿਸ਼ਾ (ਥੀਮ) 'ਪਰਵਾਹ' ਜਾਂ 'ਦੇਖਭਾਲ' ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਸੜਕ ਦੁਰਘਟਨਾਵਾਂ ਨੂੰ ਘੱਟ ਕਰਨ ਲਈ ਵੱਡੀ ਯੋਜਨਾ ਬਣਾਈ ਹੈ। ਸੜਕ ਸੁਰੱਖਿਆ ਨੂੰ ਲੈ ਕੇ ਵੱਖ-ਵੱਖ ਵਿਭਾਗਾਂ ਅਤੇ ਹਿੱਸੇਦਾਰਾਂ ਦੇ ਸਹਿਯੋਗ ਨਾਲ ਮਿਲ ਕੇ ਲੋਕ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਵਿਸ਼ੇਸ਼ ਕਰਕੇ ਡਰਾਈਵਰਾਂ, ਪੈਦਲ ਯਾਤਰੀਆਂ ਅਤੇ ਹੋਰ ਆਵਾਜਾਈ ਵਿਚ ਸਕਰਾਤਮਕ ਬਦਲਾਅ ਲਿਆਉਣਾ ਹੈ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਸੜਕ 'ਤੇ ਰੋਡ ਮਾਰਕਿੰਗ, ਸਾਈਨ ਬੋਰਡ ਲਗਾਉਣ ਅਤੇ ਦੁਰਘਟਨਾਗ੍ਰਸਤ ਥਾਵਾਂ (ਬਲੈਕ ਸਪੋਟਸ) ਨੂੰ ਠੀਕ ਕਰਵਾਉਣ ਲਈ ਪੀ.ਡਬਲਯੂ.ਡੀ. (ਪੁੱਲ ਤੇ ਸੜਕਾਂ) ਹੁਸ਼ਿਆਰਪੁਰ ਦੇ ਐਕਸੀਅਨ ਨੂੰ 8 ਲੱਖ 21 ਹਜ਼ਾਰ ਰੁਪਏ ਦੇ ਫੰਡ ਜਾਰੀ ਕੀਤੇ ਗਏ ਹਨ। ਇਸ ਫ਼ੰਡ ਨਾਲ ਹੁਸ਼ਿਆਰਪੁਰ ਤੋਂ ਗੜ੍ਹਸ਼ੰਕਰ ਤੱਕ ਚੰਡੀਗੜ੍ਹ ਰੋਡ ਦਾ ਕੰਮ ਕਰਵਾ ਕੇ ਸੜਕ ਨੂੰ ਦੁਰਘਟਨਾਮੁਕਤ ਬਣਾਉਣ ਦੀ ਪਹਿਲ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਪਹਿਲ ਪੰਜਾਬ ਨੂੰ ਸੜਕ ਸੁਰੱਖਿਆ ਦੇ ਖੇਤਰ ਵਿਚ ਮੋਹਰੀ ਬਣਾਉਣ ਦੀ ਦਿਸ਼ਾ ਵਿਚ ਇਕ ਕਦਮ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ ਸੜਕਾਂ ਦੀ ਮੁਰੰਮਤ, ਬਲੈਕ ਸਪੋਟਸ ਦੀ ਪਹਿਚਾਣ, ਸੁਧਾਰ, ਸੜਕ ਨਿਸ਼ਾਨ ਅਤੇ ਰੋਡ ਮਾਰਕਿੰਗ ਦਾ ਕੰਮ ਪਹਿਲ ਦੇ ਆਧਾਰ ਕੀਤਾ ਜਾ ਰਿਹਾ ਹੈ। ਜ਼ਿਲ੍ਹੇ ਵਿਚ ਬਲੈਕ ਸਪੋਟਸ ਦੀ ਗਿਣਤੀ 44 ਤੋਂ ਘੱਟ ਕੇ 23 ਰਹਿ ਗਈ ਹੈ ਅਤੇ ਸੜਕ ਦੁਰਘਟਨਾਵਾਂ ਵਿਚ 43 ਫੀਸਦੀ ਦੀ ਕਮੀ ਦਰਜ਼ ਕੀਤੀ ਗਈ ਹੈ। ਰੀਜਨਲ ਟਰਾਂਸਪੋਰਟ ਅਫ਼ਸਰ (ਆਰ.ਟੀ.ਓ) ਰਵਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਸੜਕ ਇੰਜਨੀਅਰਿੰਗ ਆਡਿਟ ਲਈ ਸਥਾਨਕ ਇੰਜੀਨੀਅਰਿੰਗ ਕਾਲਜਾਂ ਨੂੰ ਨੋਡਲ ਏਜੰਸੀ ਬਣਾਇਆ ਗਿਆ ਹੈ। ਇਸ ਦੇ ਨਾਲ ਹੀ ਸੋਸ਼ਲ ਮੀਡੀਆ, ਅਖ਼ਬਾਰਾਂ ਅਤੇ ਜਨ ਸਭਾਵਾਂ ਰਾਹੀਂ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਤੇਜ਼ ਰਫਤਾਰ, ਸ਼ਰਾਬ ਪੀ ਕੇ ਵਾਹਨ ਚਲਾਉਣ ਅਤੇ ਹੈਲਮੇਟ ਤੇ ਸੀਟ ਬੈਲਟ ਨਾ ਪਹਿਨਣ ਵਰਗੇ ਖਤਰਿਆਂ 'ਤੇ ਚਾਨਣਾ ਪਾਇਆ ਜਾ ਰਿਹਾ ਹੈ। ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆ ਨੂੰ ਵਿਸ਼ੇਸ਼ ਕਰਕੇ ਜਾਗਰੂਕ ਕੀਤਾ ਜਾ ਰਿਹਾ ਹੈ। ਆਰ.ਟੀ.ਓ ਨੇ ਦੱਸਿਆ ਕਿ ਟ੍ਰੈਫਿਕ ਪੁਲਿਸ ਅਤੇ ਟਰਾਂਸਪੋਰਟ ਵਿਭਾਗ ਵਲੋਂ ਤੇਜ਼ ਰਫ਼ਤਾਰ, ਗਲਤ ਸਾਈਡ ਡਰਾਈਵਿੰਗ ਅਤੇ ਸ਼ਰਾਬ ਪੀ ਕੇ ਵਾਹਨ ਚਲਾਉਣ ਵਾਲਿਆਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸੜਕ ਸੁਰੱਖਿਆ ਮਹੀਨੇ ਦੌਰਾਨ ਸਹਾਇਕ ਰੀਜ਼ਨਲ ਟਰਾਂਸਪੋਰਟ ਅਫ਼ਸਰ ਸੰਦੀਪ ਭਾਰਤੀ ਨੇ ਬੁੱਧਵਾਰ ਰਾਤ ਹੌਲੀ ਗਤੀ ਵਾਲੇ ਵਾਹਨਾਂ ਜਿਵੇਂ ਕਿ ਟਰੈਕਟਰ-ਟਰਾਲੀਆਂ ਅਤੇ ਆਟੋ ਰਿਕਸ਼ਾ ਦੇ ਪਿੱਛੇ ਰਿਫਲੈਕਟਰ ਟੇਪ ਲਗਾਏ ਤਾਂ ਜੋ ਧੁੰਦ ਦੌਰਾਨ ਦੁਰਘਟਨਾਵਾਂ ਨੂੰ ਰੋਕਿਆ ਜਾ ਸਕੇ। ਇਸ ਤੋਂ ਇਲਾਵਾ ਰਾਤ ਨੂੰ ਹੀ ਆਪਣੀ ਟੀਮ ਨਾਲ ਉਨ੍ਹਾਂ ਨੇ ਓਵਰਲੋਡ ਅਤੇ ਤੇਜ਼ ਗਤੀ ਨਾਲ ਚੱਲਣ ਵਾਲੇ ਵਾਹਨਾਂ 'ਤੇ ਕਾਰਵਾਈ ਕਰਦੇ ਹੋਏ 17 ਵਾਹਨਾਂ ਦਾ ਚਾਲਾਨ ਵੀ ਕੀਤੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਸੜਕ ਸੁਰੱਖਿਆ ਲਈ ਵਿਸ਼ੇਸ਼ ਰੋਡ ਸੇਫਟੀ ਫੋਰਸ ਅਤੇ ਆਧੁਨਿਕ ਤਕਨੀਕ ਨਾਲ ਲੈਸ ਰੋਡ ਸੇਫਟੀ ਲੈਬਸ ਸਥਾਪਿਤ ਕੀਤੇ ਹਨ। ਨਤੀਜੇ ਵਜੋਂ ਰਾਜ ਵਿਚ ਸੜਕ ਦੁਰਘਟਨਾਵਾਂ ਅਤੇ ਉਨ੍ਹਾਂ ਨਾਲ ਹੋਣ ਵਾਲੀਆਂ ਮੌਤਾਂ ਵਿਚ ਕਮੀ ਆਈ ਹੈ।



# ਜਿਹੜੇ ਵਿਦੇਸ਼ ਜਾਣ ਤੋਂ ਬਾਅਦ ਵੀ ਬਸਪਾ ਲਈ ਸਮਰਪਿਤ ਹੈ : ਐਡਵੋਕੇਟ ਬਲਵਿੰਦਰ ਕੁਮਾਰ

**ਜਲੰਧਰ( ਚਰਨਜੀਤ ਸੱਲ੍ਹਾ )** ਬਹੁਤ ਹੀ ਸਤਿਕਾਰਯੋਗ ਐਨਆਰਆਈ ਤੇ ਵਰਲਡਵਾਈਡ ਬੀਐਸਪੀ ਸਪੋਰਟਰਜ਼ ਗਰੁੱਪ ਦੇ ਸਾਥੀ ਪ੍ਰਭਦਿਆਲ ਜੀ ਬੀਤੇ ਦਿਨੀਂ ਮੇਰੇ ਘਰ ਆਏ ਤੇ ਉਨ੍ਹਾਂ ਨਾਲ ਕਾਫੀ ਵਿਚਾਰਾਂ ਹੋਈਆਂ। ਪ੍ਰਭਦਿਆਲ ਜੀ ਸਾਹਿਬ ਦੇ ਸਮੇਂ ਤੋਂ ਹੀ ਲਗਾਤਾਰ ਪਾਰਟੀ ਲਈ ਕੰਮ ਕਰਦੇ ਆ ਰਹੇ ਹਨ ਤੇ ਵਿਦੇਸ਼ ਜਾਣ ਤੋਂ ਬਾਅਦ ਵੀ ਉਹ ਪਾਰਟੀ ਲਈ ਸਮਰਪਿਤ ਹਨ। ਉਨ੍ਹਾਂ ਵਰਡਵਾਈਡ ਬੀਐਸਪੀ ਰਾਹੀਂ ਬੀਤੇ ਸਮੇਂ ਵਿੱਚ ਪਾਰਟੀ ਲਈ ਕਾਫੀ ਸਹਿਯੋਗ ਕੀਤਾ। ਉਨ੍ਹਾਂ ਹੀ ਨਹੀਂ, ਬਲਕਿ ਵਰਲਡਵਾਈਡ ਬੀਐਸਪੀ ਸਪੋਰਟਰਜ਼ ਦੇ ਸਾਰੇ ਮਿਸ਼ਨ ਨੂੰ ਸਮਰਪਿਤ ਸਾਥੀਆਂ ਨੇ ਪਾਰਟੀ ਦੇ ਅੰਦੋਲਨ ਨੂੰ ਅੱਗੇ ਵਧਾਉਣ ਲਈ ਕਾਫੀ ਮਹੱਤਵਪੂਰਨ ਭੂਮਿਕਾ



ਨਿਭਾਈ ਹੈ, ਤਾਂ ਕਿ ਪੀੜਤ ਬਹੁਜਨ ਸਮਾਜ ਸੱਤਾਧਾਰੀ ਹੋ ਸਕੇ ਤੇ ਇੱਕ ਚੰਗੀ ਜ਼ਿੰਦਗੀ ਜੀਅ ਸਕੇ। ਜਿੱਥੇ ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ, ਉੱਥੇ ਅਸੀਂ ਅੱਗੇ ਵੀ ਉਨ੍ਹਾਂ ਤੋਂ ਹੋਰ ਸਹਿਯੋਗ ਲਈ ਉਮੀਦ ਕਰਦੇ ਹਾਂ, ਤਾਂ ਕਿ ਰਹਿਬਰਾਂ ਦੇ ਅੰਦੋਲਨ ਨੂੰ ਅਸੀਂ ਸਾਂਝੇ ਉੱਦਮ ਨਾਲ ਮੰਜ਼ਿਲ ਤੱਕ ਪਹੁੰਚਾ ਸਕੀਏ। ਇਸ ਵੇਲੇ ਐਡਵੋਕੇਟ ਬਲਵਿੰਦਰ ਕੁਮਾਰ ਜੀ ਆਪਣੇ ਸਾਥੀ ਨਾਲ ਹਾਜ਼ਰ ਸਨ।

# ਐਚਡੀਸੀਏ ਦੀ ਸ਼ਿਵਾਨੀ ਦੀ ਪੰਜਾਬ ਅੰਡਰ-23 ਟੀਮ ਵਿੱਚ ਚੋਣ ਨਾਲ ਹੁਸ਼ਿਆਰਪੁਰ ਦਾ ਮਾਣ ਵਧਿਆ : ਡਾ: ਰਮਨ ਘਈ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਹੁਸ਼ਿਆਰਪੁਰ ਡਿਸਟ੍ਰਿਕਟ ਕ੍ਰਿਕੇਟ ਐਸੋਸੀਏਸ਼ਨ (ਐਚ.ਡੀ.ਸੀ.ਏ.) ਦੀ ਖਿਡਾਰਨ ਸ਼ਿਵਾਨੀ ਦੀ ਪੰਜਾਬ ਅੰਡਰ-23 ਟੀਮ ਵਿੱਚ ਚੋਣ ਹੁਸ਼ਿਆਰਪੁਰ ਵਾਸੀਆਂ ਲਈ ਮਾਣ ਵਾਲੀ ਗੱਲ ਹੈ ਅਤੇ ਪੂਰੇ ਹੁਸ਼ਿਆਰਪੁਰ ਜ਼ਿਲ੍ਹੇ ਦਾ ਮਾਣ ਵਧਾਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਚਡੀਸੀਏ ਦੇ ਸਕੱਤਰ ਡਾ: ਰਮਨ ਨੇ ਦੱਸਿਆ ਕਿ ਸ਼ਿਵਾਨੀ ਦੀ ਪੰਜਾਬ ਟੀਮ ਵਿੱਚ ਚੋਣ ਤੋਂ ਐਚਡੀਸੀਏ ਦੇ ਹੋਰ ਖਿਡਾਰੀ ਵੀ ਉਤਸ਼ਾਹਿਤ ਹਨ ਅਤੇ ਇਹ ਉਨ੍ਹਾਂ ਲਈ ਉਤਸ਼ਾਹ ਦੀ ਗੱਲ ਹੈ। ਡਾ: ਘਈ ਨੇ ਦੱਸਿਆ ਕਿ ਪੰਜਾਬ ਦੀ ਟੀਮ ਬੀ.ਸੀ.ਸੀ.ਆਈ ਦੇ ਕੌਮੀ ਟੂਰਨਾਮੈਂਟ ਵਿੱਚ ਭਾਗ ਲੈਣ ਲਈ 2 ਜਨਵਰੀ ਨੂੰ ਰਾਜਕੋਟ, ਗੁਜਰਾਤ ਲਈ ਰਵਾਨਾ ਹੋਈ ਸੀ। ਉਨ੍ਹਾਂ ਦੱਸਿਆ ਕਿ ਪੰਜਾਬ ਦੀ ਟੀਮ 4 ਜਨਵਰੀ ਤੋਂ 12 ਜਨਵਰੀ ਤੱਕ ਸ਼ਿਵਾਨੀ ਲੀਗ ਪੜਾਅ ਦੇ ਮੈਚਾਂ ਵਿੱਚ ਭਾਗ ਲਵੇਗੀ। ਡਾਕਟਰ ਘਈ ਨੇ ਦੱਸਿਆ ਕਿ ਸ਼ਿਵਾਨੀ ਅੰਡਰ-23 ਟੀਮ ਵਿੱਚ ਚੁਣੇ ਜਾਣ ਤੋਂ ਪਹਿਲਾਂ ਪੰਜਾਬ ਲਈ ਅੰਡਰ-19 ਟੀਮ ਵਿੱਚ ਵੀ ਖੇਡ ਚੁੱਕੀ ਸੀ। ਉਨ੍ਹਾਂ ਸ਼ਿਵਾਨੀ ਦੀ ਪੰਜਾਬ ਟੀਮ ਵਿੱਚ ਚੋਣ ਹੋਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਪੂਰੇ ਹੁਸ਼ਿਆਰਪੁਰ ਜ਼ਿਲ੍ਹੇ ਲਈ ਖੁਸ਼ੀ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਸ਼ਿਵਾਨੀ ਦੀ ਚੋਣ ਨਾਲ ਹੁਸ਼ਿਆਰਪੁਰ ਦੀਆਂ ਹੋਰ ਖਿਡਾਰਨਾਂ ਵੀ ਇਸ ਮੁਕਾਮ ਨੂੰ ਹਾਸਲ ਕਰਨ ਲਈ ਦਿਨ ਰਾਤ ਮਿਹਨਤ ਅਤੇ ਲਗਨ ਨਾਲ ਅਭਿਆਸ ਕਰ ਰਹੀਆਂ ਹਨ। ਉਹਨਾਂ ਦੱਸਿਆ ਕਿ




**ਕੈਂਪਸ਼ਨ : ਸ਼ਿਵਾਨੀ ਨੂੰ ਪੰਜਾਬ ਅੰਡਰ-23 ਟੀਮ ਵਿੱਚ ਚੁਣੇ ਜਾਣ 'ਤੇ ਡਾ: ਰਮਨ ਧਾਮੀ, ਕੋਚ ਦਵਿੰਦਰ ਕਲਿਆਣ, ਦਲਜੀਤ ਸਿੰਘ ਅਤੇ ਕੁਲਦੀਪ ਧਾਮੀ ਵਧਾਈ ਦਿੰਦੇ ਹੋਏ। ਫੋਟੋ ਅਜਮੇਰ ਦੀਵਾਨਾ**

ਐਸ.ਡੀ.ਕਾਲਜ ਹੁਸ਼ਿਆਰਪੁਰ ਦੀ ਬੀ.ਏ.-2 ਵਿੱਚ ਪੜ੍ਹਦੀ ਸ਼ਿਵਾਨੀ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਵਧੀਆ ਮੁਕਾਮ ਹਾਸਲ ਕਰਕੇ ਰਾਸ਼ਟਰੀ ਟੀਮ ਲਈ ਆਪਣੀ ਦਾਅਵੇਦਾਰੀ ਪੇਸ਼ ਕਰ ਸਕਦੀ ਹੈ। ਐਚ.ਡੀ.ਸੀ.ਏ ਦੇ ਪ੍ਰਧਾਨ ਡਾ: ਦਲਜੀਤ ਸਿੰਘ ਖੇਲਾ ਨੇ ਸ਼ਿਵਾਨੀ ਨੂੰ ਚੁਣੇ ਜਾਣ 'ਤੇ ਵਧਾਈ ਦਿੰਦਿਆਂ ਕਿਹਾ ਕਿ ਹੋਰ ਖਿਡਾਰੀਆਂ ਨੂੰ ਵੀ ਸ਼ਿਵਾਨੀ ਵਾਂਗ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ ਅਤੇ ਅੱਗੇ ਵਧਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਝ ਇਸ ਮੌਕੇ ਜ਼ਿਲ੍ਹਾ ਮਹਿਲਾ ਕੋਚ ਦਵਿੰਦਰ ਕਲਿਆਣ, ਜ਼ਿਲ੍ਹਾ ਕੋਚ ਦਲਜੀਤ ਸਿੰਘ, ਜ਼ਿਲ੍ਹਾ ਟਰੇਨਰ ਕੁਲਦੀਪ ਧਾਮੀ, ਕੋਚ ਦਲਜੀਤ ਧੀਮਾਨ, ਮਦਨ ਡਡਵਾਲ, ਦਿਨੇਸ਼ ਸ਼ਰਮਾ ਰਿੰਕਾ ਦੇ ਨਾਲ ਡਾ. ਅਤੇ ਗਰਾਊਂਡ ਮੈਨ ਸੋਢੀ ਰਾਮ ਨੇ ਵੀ ਸ਼ਿਵਾਨੀ ਨੂੰ ਪੰਜਾਬ ਟੀਮ ਵਿੱਚ ਚੁਣੇ ਜਾਣ ਲਈ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਚੰਗੇ ਪ੍ਰਦਰਸ਼ਨ ਦੀ ਕਾਮਨਾ ਕੀਤੀ।

# ਪਟਵਾਰ ਟਰੇਨਿੰਗ ਸਕੂਲ ਹੁਸ਼ਿਆਰਪੁਰ ਵਿੱਚ ਨਵੇਂ ਸਾਲ ਦੀ ਆਮਦ ਤੇ ਸਮਾਗਮ ਕਰਵਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪਟਵਾਰ ਟਰੇਨਿੰਗ ਸਕੂਲ ਹੁਸ਼ਿਆਰਪੁਰ ਵਿਖੇ ਅੱਜ ਨਵੇਂ ਸਾਲ ਦੀ ਆਮਦ ਦੇ ਜਸ਼ਨ ਵੱਜੋਂ ਇੱਕ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਕੁਲਵੰਤ ਸਿੰਘ ਸਿੱਧੂ ਪੀ.ਆਰ.ਐਸ ਸਬ- ਰਜਿਸਟਰਾਰ ਕਮ ਤਹਿਸੀਲਦਾਰ ਹੁਸ਼ਿਆਰਪੁਰ ਮੁੱਖ ਮਹਿਮਾਨ ਵੱਜੋਂ ਸ਼ਾਮਿਲ ਹੋਏ। ਇਸ ਮੌਕੇ ਤੇ ਉਹਨਾਂ ਨਾਲ ਸ੍ਰੀ ਲਵਦੀਪ ਸਿੰਘ ਨਾਇਬ-ਤਹਿਸੀਲਦਾਰ ਭੂੰਗਾ ਅਤੇ ਸ਼ਾਮਚੁਰਾਸੀ ਬਤੌਰ ਘੁਏਸਟ ੋਡ ੍ਹੋਨੋਰ ਅਤੇ ਡਾ. ਜਸਵੰਤ ਰਾਏ ਜ਼ਿਲ੍ਹਾ ਭਾਸ਼ਾ ਅਫ਼ਸਰ ਹੁਸ਼ਿਆਰਪੁਰ ਬਤੌਰ ਸਪਏਚਿਓਲਿ ਨਵਿਟਏਦ ਸ਼ਾਮਿਲ ਹੋਏ। ਮੁੱਖ ਮਹਿਮਾਨ ਵੱਲੋਂ ਆਪਣੇ ਸੰਬੋਧਨ ਵਿੱਚ ਪਟਵਾਰੀ ਉਮੀਦਵਾਰਾਂ ਨੂੰ ਆਪਣੀ ਟਰੇਨਿੰਗ ਪੂਰੀ ਮਿਹਨਤ ਅਤੇ ਲਗਨ ਨਾਲ ਮੁਕੰਮਲ ਕਰਨ ਹਿੱਤ ਕਿਹਾ ਗਿਆ। ਉਨਾਂ ਵੱਲੋਂ ਪਟਵਾਰੀ ਉਮੀਦਵਾਰਾਂ ਨੂੰ ਇਹ ਵੀ ਹਦਾਇਤ ਕੀਤੀ ਗਈ ਕਿ ਆਪਣੀ ਟਰੇਨਿੰਗ ਉਪਰੰਤ ਉਹ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਸਰਕਾਰ ਦੀਆਂ ਨੀਤੀਆਂ ਦੀ ਪਾਲਣਾ



ਕਰਦੇ ਹੋਏ ਆਮ ਲੋਕਾਂ ਦੀ ਸੇਵਾ ਕਰਨ। ਉਹਨਾਂ ਵੱਲੋਂ ਆਪਣੇ ਵਿਚਾਰ ਪੇਸ਼ ਕਰਦੇ ਹੋਏ ਪਟਵਾਰੀ ਉਮੀਦਵਾਰਾਂ ਨੂੰ ਕਿਹਾ ਗਿਆ ਕਿ ਉਹਨਾਂ ਦੇ ਸਕੂਲ ਦਾ ਟੀਚਿੰਗ ਸਟਾਫ ਅਤੇ ਪ੍ਰਿੰਸੀਪਲ ਬਹੁਤ ਹੀ ਤਜ਼ਰਬੇਕਾਰ ਹਨ ਇਹਨਾਂ ਤੋਂ ਗਿਆਨ ਪ੍ਰਾਪਤ ਕਰਨ ਦਾ ਵੱਧ ਤੋਂ ਵੱਧ ਲਾਭ ਉਠਾਉ।ਪਟਵਾਰ ਟਰੇਨਿੰਗ ਸਕੂਲ ਦੇ ਬਹੁਤ ਹੀ ਹੋਣਹਾਰ ਅਤੇ ਹੁਸ਼ਿਆਰ ਪਟਵਾਰੀ ਉਮੀਦਵਾਰ ਮਨਦੀਪ ਸਿੰਘ, ਕਮਲਪ੍ਰੀਤ ਸਿੰਘ, ਸੰਜੀਵ ਠਾਕੁਰ, ਰਮਨ ਬਾਤਿਸ਼, ਮਨੀਸ਼ਾ ਗਿੱਲ, ਲਵਪ੍ਰੀਤ ਕੌਰ ਅਤੇ ਮਿਸ ਦਿਕਸ਼ਾ ਨੂੰ ਵਿਸ਼ੇਸ਼ ਤੌਰ ਤੇ ਟਰੋਫੀਆਂ ਨਾਲ ਸਨਮਾਨਿਤ ਕੀਤਾ ਗਿਆ।ਸਕੂਲ ਦੇ ਪ੍ਰਿੰਸੀਪਲ ਸ੍ਰੀ ਰਾਕੇਸ਼ ਪਾਲ ਮਿਨਹਾਸ ਵੱਲੋਂ ਆਏ ਗਏ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਇਹ ਦਸਿਆ ਗਿਆ ਕਿ ਇਹ ਪਟਵਾਰ ਸਕੂਲ ਅਕਤੂਬਰ 2024 ਨੂੰ ਸ਼ੁਰੂ ਹੋਏਆ ਸੀ ਅਤੇ ਇਹ ਸਕੂਲ ਵਿਖੇ ਇਸ ਸਮੇ 51 ਪਟਵਾਰੀ ਉਮੀਦਵਾਰ ਟਰੇਨਿੰਗ ਪ੍ਰਾਪਤ ਕਰ ਰਹੇ ਹਨ। ਜਿਨਾਂ ਦੀ ਟਰੇਨਿੰਗ ਕੇਵਲ 3 ਮਹੀਨੇ ਬਾਕੀ ਰਹਿ ਗਈ ਹੈ। ਇਸ ਉਪਰੰਤ ਇਹਨਾਂ ਦੀ ਤੈਨਾਤੀ ਪਟਵਾਰ ਹਲਕਿਆ ਵਿੱਚ ਕਰ ਦਿੱਤੀ ਜਾਵੇਗੀ। ਪ੍ਰਿੰਸੀਪਲ ਵੱਲੋਂ ਆਪਣੇ ਸਕੂਲ ਦੇ ਕਾਨੂੰਗੋ ਟੀਚਰ ਸ੍ਰੀ ਗਣੇਸ਼ ਕੁਮਾਰ,ਸ੍ਰੀ ਪਰਮਜੀਤ ਸਿੰਘ, ਸ੍ਰੀ ਹਰਜਿੰਦਰ ਸਿੰਘ ਅਤੇ ਸ੍ਰੀ ਵਰਿੰਦਰ ਕੁਮਾਰ ਦੇ ਕੰਮ ਦੀ ਪ੍ਰਸ਼ੰਸ਼ਾ ਕੀਤੀ ਗਈ ਅਤੇ ਸਮਾਗਮ ਦੇ ਪ੍ਰਬੰਧਕ ਪਟਵਾਰੀ ਉਮੀਦਵਾਰਾਂ ਨੂੰ ਸਮਾਗਮ ਦੀ ਸਫਲਤਾ ਲਈ ਸ਼ਾਬਾਸ਼ੀ ਦਿੱਤੀ ਗਈ।

## ਨਵੇਂ ਲੇਖਕਾਂ / ਕਲਾਕਾਰਾਂ ਨੂੰ ਸਲਾਹ

ਮੈਨੂੰ ਸ਼ਬਦਾਂ ਨਾਲ਼ ਖੇਡਦਿਆਂ ਜਾਣੀ ਕਿ ਗੀਤ / ਕਵਿਤਾ ਲਿਖਦਿਆਂ ਪੰਜਾਹ ਸਾਲ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ , ਇਸ ਲਈ ਮੈਨੂੰ ਪਾਠਕਾਂ ਅਤੇ ਨਵੇਂ ਲੇਖਕਾਂ ਵੱਲੋਂ ਇੱਕ ਸਵਾਲ ਅਕਸਰ ਪੁੱਛਿਆ ਜਾਂਦਾ ਹੈ ਕਿ ਤੁਸੀਂ ਇਹ ਕਦੋਂ , ਕਿਵੇਂ ਅਤੇ ਕਿਸ ਤੋਂ ਸਿੱਖਿਆ ਹੈ ਤਾਂ ਮੇਰੇ ਜਵਾਬ ਸਮੇਂ ਸਮੇਂ 'ਤੇ ਬਦਲਦੇ ਰਹੇ ਹਨ ਪ੍ਰੰਤੂ ਅੱਜ ਜਦੋਂ ਮੈਂ ਪਿੱਛੇ ਮੁੜ ਕੇ ਵੇਖਦਾ ਹਾਂ ਤਾਂ ਮੈਨੂੰ ਜਾਪਦਾ ਹੈ ਕਿ ਇਹ ਸਿੱਖਣ ਵਾਲ਼ੀ ਕਲਾ ਨਹੀਂ ਸਗੋਂ ਮੇਰੇ ਸ਼ੌਕ ਵਿੱਚੋਂ ਪੈਦਾ ਹੋਈ ਹੈ । ਮੇਰਾ ਇਹ ਵੀ ਖ਼ਿਆਲ ਹੈ ਕਿ ਕੋਈ ਨਾ ਕੋਈ ਸ਼ੌਕ ਅਤੇ ਕਲਾ ਹਰ ਬੱਚੇ ਵਿੱਚ ਜ਼ਰੂਰ ਹੁੰਦੀ ਹੈ , ਉਹ ਜਿੰਨੀਂ ਛੋਟੀ ਉਮਰ ਵਿੱਚ ਉਸ ਦੀ ਪਛਾਣ ਕਰ ਲਵੇ ਓਨਾਂ ਹੀ ਫ਼ਾਇਦਾ ਹੈ । ਉਸ ਨੂੰ ਪਹਿਚਾਨਣ ਵਿੱਚ ਉਸ ਦੇ ਮਾਪੇ , ਅਧਿਆਪਕ ਅਤੇ ਦੋਸਤ ਮਿੱਤਰ ਵੀ ਉਸ ਦੇ ਮੱਦਦਗਾਰ ਹੋ ਸਕਦੇ ਹਨ ਅਤੇ ਉਸ ਗੁਣ ਨੂੰ ਉਭਾਰਨ ਵਿੱਚ ਵੀ ।

ਇਸ ਦਾ ਇਹ ਮਤਲਬ ਵੀ ਨਹੀਂ ਕਿ ਮੇਰਾ ਕੋਈ ਗੁਰੂ ਨਹੀਂ ਸਗੋਂ ਮੇਰੇ ਤਾਂ ਗੁਰੂਆਂ ਦੀ ਇੱਕ ਲੰਮੀ ਕਤਾਰ ਹੈ । ਪਹਿਲੇ ਪ੍ਰਸਿੱਧ ਗੀਤਕਾਰ ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲ਼ੇ ਜਿਨ੍ਹਾਂ ਤੋਂ ਮੈਂ ਬਚਪਨ ਵਿੱਚ ਪ੍ਰਭਾਵਿਤ ਹੋਇਆ , ਦੂਸਰੇ ਕਰਤਾਰ ਸਿੰਘ ਪੰਛੀ ਤੇ ਹਰਨੇਕ ਸੋਹੀ ਜਿਨ੍ਹਾਂ ਮੈਨੂੰ ਉਤਸ਼ਾਹਿਤ ਕਰਦਿਆਂ ਚੰਗੀਆਂ ਸਲਾਹਾਂ ਦਿੱਤੀਆਂ ਤੇ ਪੰਜਾਬੀ ਸਾਹਿਤ ਸਭਾ ਧੂਰੀ ਨਾਲ਼ ਜੋੜਿਆ , ਤੀਸਰੇ ਉਸ ਸਾਹਿਤ ਸਭਾ ਦੇ ਸਮੂਹ ਅਹੁਦੇਦਾਰ ਤੇ ਮੈਂਬਰ ਜਿਨ੍ਹਾਂ ਸਾਰਿਆਂ ਤੋਂ ਮੈਂ ਕੁੱਝ ਨਾ ਕੁੱਝ ਸਿੱਖਿਆ ਅਤੇ ਅਜੇ ਵੀ ਸਿੱਖ ਰਿਹਾ ਹਾਂ ਤੇ ਚੌਥੇ ਕੇਂਦਰੀ ਪੰਜਾਬੀ ਲੇਖਕ ਸਭਾ ਸਮੇਤ ਹੋਰਨਾਂ ਸਭਾਵਾਂ ਦੇ ਸਮਕਾਲੀ ਸਾਹਿਤਕਾਰ ।



ਇਸ ਦੇ ਬਾਵਜੂਦ ਵੀ ਮੈਂ ਆਪਣੇ ਆਪ ਨੂੰ ਹੀ ਆਪਣਾ ਅਸਲੀ ਗੁਰੂ ਸਮਝਦਾ ਹਾਂ ਅਤੇ ਹਰ ਲੇਖਕ ਤੇ ਕਲਾਕਾਰ ਨੂੰ ਸਮਝਣਾ ਚਾਹੀਦਾ ਹੈ ਕਿਉਂਕਿ ਵੱਧ ਤੋਂ ਵੱਧ ਚੰਗਾ ਸਾਹਿਤ ਪੜ੍ਹਨਾ , ਉਸ 'ਤੇ ਘੋਖ ਵਿਚਾਰ ਕਰਨੀ , ਆਪ ਲਿਖਣਾ , ਉਸ ਨੂੰ ਵਾਰ ਵਾਰ ਸੋਧਣਾ ਹੀ ਅੱਗੇ ਵਧਣ ਅਤੇ ਸਫ਼ਲ ਹੋਣ ਦਾ ਅਸਲੀ ਰਾਜ਼ ਹੁੰਦਾ ਹੈ । ਇਸ ਬਾਰੇ ਮੈਂ ਇੱਕ ਉਦਾਹਰਣ ਅਕਸਰ ਨਵੇਂ ਕਵੀਆਂ ਤੇ ਕਲਾਕਾਰਾਂ ਨੂੰ ਦਿੰਦਾ ਰਹਿੰਦਾ ਹਾਂ ਕਿ ਅੱਜ ਕੱਲ੍ਹ ਤਾਂ ਹਰ ਚੀਜ਼ ਰੈਡੀਮੇਡ ਅਤੇ ਮਸ਼ੀਨੀ ਹੋ ਗਈ ਹੈ ਪਰ ਸਾਡੇ ਬਚਪਨ ਅਤੇ ਜਵਾਨੀ ਵੇਲ਼ੇ ਲੋਕ ਕੋਈ ਗੰਢਾਂ ਵਾਲ਼ੀ ਲੱਕੜ ਮਿਸਤਰੀ ਨੂੰ ਦੇ ਕੇ ਕਿਹਾ ਕਰਦੇ ਸਨ ਕਿ ਇਸ ਦਾ ਬਾਹਾਂ ( ਦਸਤਾ ) ਬਣਾ ਕੇ ਮੇਰੀ ਕਹੀ ਜਾਂ ਕੁਹਾੜੀ ਵਿੱਚ ਪਾ ਦੇਵੀਂ ।

ਉਹ ਮਿਸਤਰੀ ਪਹਿਲਾਂ ਉਸ ਨੂੰ ਬਹੋਲੇ ( ਤੇਸੇ ) ਨਾਲ਼ ਘੜ ਕੇ ਉਸ ਦੀ ਬਿਲਕ ਅਤੇ ਗੱਠਾਂ ਖ਼ਤਮ ਕਰਦਾ ਸੀ ਫ਼ਿਰ ਮੋਟਾ ਰੰਦਾ ਫੇਰ ਕੇ ਗੋਲ਼ ਕਰਦਾ ਸੀ ਉਸ ਤੋਂ ਬਾਅਦ ਬਾਰੀਕ ਰੰਦਾ ਫੇਰਦਾ ਹੋਇਆ ਸਫ਼ਾਈ ਲਿਆਉਂਦਾ ਸੀ ਉਸ ਤੋਂ ਮਗਰੋਂ ਕਟਰੇਤ , ਰੇਤ ਅਤੇ ਰੇਗਮਾਰ ਫੇਰ ਫੇਰ ਕੇ ਮੁਲਾਇਮ ਕਰਦਿਆਂ ਐਸਾ ਰੂਪ ਦੇ ਦਿੰਦਾ ਸੀ ਕਿ ਲੱਕੜੀ ਦਾ ਮਾਲਕ ਵੀ ਭੁਲੇਖਾ ਖਾ ਜਾਂਦਾ ਸੀ ਕਿ ਇਹ ਓਹੀ ਲੱਕੜੀ ਹੈ ਜਾਂ ਕੋਈ ਹੋਰ । ਬਿਲਕੁਲ ਓਹੀ ਗੱਲ ਕਲਾ ਦੇ ਹਰ ਰੂਪ 'ਤੇ ਲਾਗੂ ਹੁੰਦੀ ਹੈ ਕਿਉਂਕਿ ਮੈਂ ਸ਼ੁਰੂਆਤ ਗੀਤ / ਕਵਿਤਾ ਤੋਂ ਕੀਤੀ ਸੀ ਇਸ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਆਪਣੀ ਹਰ ਰਚਨਾ ਦਾ ਮਿਸਤਰੀ ਹੀ ਹਾਂ । ਮੇਰੀ ਹਰ ਇੱਕ ਰਚਨਾਂ ਉਸ ਮਿਸਤਰੀ ਦੇ ਬਣਾਏ ਦਸਤੇ ਵਾਂਗ ਹੀ ਉਨ੍ਹਾਂ ਸਾਰੀਆਂ ਸਟੇਜਾਂ ਉੱਪਰੋਂ ਗੁਜ਼ਰੀ ਅਤੇ ਅੱਜ ਤੱਕ ਵੀ ਗੁਜ਼ਰਦੀ ਹੈ । ਮੈਂ ਕਿਸੇ ਗੀਤ ਕਵਿਤਾ ਗ਼ਜ਼ਲ ਜਾਂ ਕਹਾਣੀ ਨੂੰ ਪੂਰੀ ਕਰਨ ਤੋਂ ਬਾਅਦ ਰੱਖ ਕੇ ਦਿਮਾਗ਼ ਵਿੱਚੋਂ ਬਿਲਕੁਲ ਮਨਫੀ ਕਰ ਦਿੰਦਾ ਹਾਂ , ਕੁੱਝ ਦਿਨਾਂ ਮਗਰੋਂ ਜਦੋਂ ਦੁਬਾਰਾ ਪੜ੍ਹਦਾ ਹਾਂ ਤਾਂ ਮੈਨੂੰ ਖ਼ੁਦ ਹੀ ਉਸ ਦੀਆਂ ਕਮੀਆਂ ਪੇਸ਼ੀਆਂ ਰੜਕਣ ਲੱਗ ਜਾਂਦੀਆਂ ਹਨ , ਜਿਹਨਾਂ ਨੂੰ ਵਾਰ ਵਾਰ ਦੂਰ ਕਰਦਾ ਰਹਿੰਦਾ ਹਾਂ, ਇੱਕ ਨਹੀਂ ਅਨੇਕਾਂ ਵਾਰੀ । ਕਈ ਵਾਰੀ ਤਾਂ ਜਦੋਂ ਕਿਸੇ ਅਖ਼ਬਾਰ ਰਸਾਲੇ ਵਿੱਚ ਛਪਣ ਤੋਂ ਪਿੱਛੋਂ ਵੀ ਉਸ ਨੂੰ ਦੁਬ-ਾਰਾ ਸੋਧਦਾ ਰਹਿੰਦਾ ਹਾਂ , ਏਥੋਂ ਤੱਕ ਕਿ ਆਪਣੀ ਛਪੀ ਕਿਤਾਬ ਦੇ ਦੂਜੇ ਐਡੀਸ਼ਨ ਵੇਲ਼ੇ ਵੀ ਖਰੜੇ ਨੂੰ ਦਰੁਸਤ ਕਰ ਰਿਹਾ ਹਾਂ । ਅੰਤ ਵਿੱਚ ਐਨਾਂ ਹੀ ਕਹਿਣਾ ਚਾਹਾਂਗਾ ਕਿ ਸਿਆਣੇ ਨੂੰ ਇਸ਼ਾਰਾ ਹੀ ਕਾਫ਼ੀ ਹੁੰਦਾ ਹੈ । ਜੇਕਰ ਮੇਰਾ ਤਜ਼ਰਬਾ ਅਤੇ ਸਲਾਹ ਕਿਸੇ ਨਵੇਂ ਸਾਥੀ ਦੇ ਕੰਮ ਆ ਜਾਵੇ ਤਾਂ ਹੀ ਮੇਰਾ ਇਹ ਲਿਖਣਾ ਸਾਰਥਕ ਸਿੱਧ ਹੋਵੇਗਾ । ਬਾਕੀ ਕਦੇ ਫ਼ਿਰ ਸਹੀ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ ।**
**9914836037**

# ਸਮਾਜਿਕ ਚੇਤਨਾ ਵਿੱਚ ਸਾਹਿਤ ਸਭਾਵਾਂ ਦਾ ਵਡਮੁੱਲਾ ਯੋਗਦਾਨ: ਹਰਪਾਲ ਸਿੰਘ ਚੀਮਾ (ਵਿੱਤ ਮੰਤਰੀ ਪੰਜਾਬ)









**ਸੰਗਰੂਰ, (ਰਮੇਸ਼ਵਰ ਸਿੰਘ)** "ਸਮਾਜਿਕ ਚੇਤਨਾ ਵਿੱਚ ਸਾਹਿਤ ਸਭਾਵਾਂ ਦਾ ਵਡਮੁੱਲਾ ਯੋਗਦਾਨ ਹੈ, ਜਿਸ ਨੂੰ ਕਿਸੇ ਵੀ ਹਾਲਤ ਵਿੱਚ ਅਣਗੌਲਿਆ ਨਹੀਂ ਕੀਤਾ ਜਾ ਸਕਦਾ।" ਇਹ ਸ਼ਬਦ ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਉਸਾਰੇ ਗਏ ਲੇਖਕ ਭਵਨ ਵਿਖੇ ਉਚੇਚੇ ਤੌਰ 'ਤੇ ਪਹੁੰਚੇ ਮਾਣਯੋਗ ਹਰਪਾਲ ਸਿੰਘ ਚੀਮਾ ਵਿੱਤ ਮੰਤਰੀ ਪੰਜਾਬ ਨੇ ਹਾਜ਼ਰ ਸਾਹਿਤਕਾਰਾਂ ਨੂੰ ਸੰਬੋਧਿਤ ਹੁੰਦਿਆਂ ਕਹੇ। ਸਭਾ ਦੀਆਂ ਸਾਹਿਤਕ ਸਰਗਰਮੀਆਂ ਦੀ ਭਰਪੂਰ ਪ੍ਰਸੰਸਾ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਪ੍ਰਫੁੱਲਤਾ ਲਈ ਵਚਨਬੱਧ ਹੈ। ਬੋਤਲਾਂ ਵਿੱਚ ਕਵਿਤਾਵਾਂ ਲਿਖਣ ਵਾਲੇ ਵਿਸ਼ਵ ਦੇ ਪਹਿਲੇ ਕਵੀ ਸੁਖਵਿੰਦਰ ਸਿੰਘ ਲੋਟੇ ਦੀ ਵਿਲੱਖਣ ਕਲਾ ਤੋਂ ਵੀ ਉਹ ਬੇਹੱਦ ਪ੍ਰਭਾਵਿਤ ਹੋਏ। ਅਚਾਨਕ ਹੋਈ ਇਸ ਇਕੱਤਰਤਾ ਵਿੱਚ ਕਰਮ ਸਿੰਘ ਜ਼ਖ਼ਮੀ, ਰਜਿੰਦਰ ਸਿੰਘ ਰਾਜਨ, ਸੁਖਵਿੰਦਰ ਸਿੰਘ ਲੋਟੇ, ਜਗਜੀਤ ਸਿੰਘ ਲੱਡਾ, ਪਵਨ ਕੁਮਾਰ ਹੋਸ਼ੀ, ਬਹਾਦਰ ਸਿੰਘ ਧੌਲਾ, ਭੁਪਿੰਦਰ ਨਾਗਪਾਲ, ਸਰਬਜੀਤ ਸੰਗਰੂਰਵੀ, ਗੁਰੀ ਚੰਦੜ, ਦਵਿੰਦਰ ਸਿੰਘ, ਸੁਰਿੰਦਰਪਾਲ ਸਿੰਘ, ਲਵਪ੍ਰੀਤ ਸਿੰਘ, ਰਾਜਦੀਪ ਸਿੰਘ, ਰਾਜ ਰਾਣੀ, ਸਾਧੂ ਸਿੰਘ, ਸੁਖਵਿੰਦਰ ਸਿੰਘ ਸੁੱਖੀ, ਜਗਪਾਲ ਸਿੰਘ ਮਹਿੰਦਰ ਸਿੰਘ ਭੱਠਲ ਅਤੇ ਸੁਖਵਿੰਦਰ ਸਿੰਘ ਫੁੱਲ ਆਦਿ ਸਾਹਿਤਕਾਰ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ।

# ਸਰਦਾਰ ਅਤਰਜੀਤ ਸਿੰਘ ਕਹਾਣੀਕਾਰ

ਜਦੋਂ ਕਦੇ ਬਠਿੰਡਾ ਦੇ ਨਾਮੀ ਸਾਹਿਤਕਾਰਾਂ ਤੇ ਨਜ਼ਰ ਪੈਂਦੀ ਹੈ ਤਾਂ ਸਭ ਤੋਂ ਟੀਸੀ ਤੇ ਮੈਨੂੰ ਇਹ ਸਾਿ-ਹਤਕਾਰ ਬਾਬਾ ਸਰਦਾਰ ਅਤਰਜੀਤ ਸਿੰਘ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ ਜਦੋਂ ਬਠਿੰਡਾ ਸ਼ਹਿਰ ਦੇ ਸਾਹਿਤਕਾਰਾਂ ਦੀ ਲਿਸਟ ਬਣਾਉਣੀ ਸ਼ੁਰੂ ਕਰੀਏ ਤਾਂ ਇੱਕ ਨੰਬਰ ਤੇ ਸਰਦਾਰ ਅਤਰਜੀਤ ਕਹਾਣੀਕਾਰ ਜੀ ਦਾ ਨਾਮ ਲਿਖਣ ਤੋਂ ਬਾਅਦ ਦੋ ਨੰਬਰ ਤੇ ਕਿਸ ਦਾ ਨਾਮ ਲਿਖੀਏ ਸੋਚਣਾ ਪੈਂਦਾ ਹੈ। ਬਠਿੰਡਾ ਸਾਹਿਤ ਦਾ ਗੜ੍ਹ ਹੈ। ਪਹਿਲ਼ਾਂ ਵੀ ਇੱਥੇ ਬਹੁਤ ਸਾਹਿਤਕਾਰ, ਅਦਾਕਾਰ ਹੋਏ ਹਨ। ਪ੍ਰੰਤੂ ਮੌਜੂਦਾ ਦੌਰ ਵਿੱਚ ਇਹ ਲਿਸਟ ਕਾਫੀ ਲੰਮੀ ਹੈ। ਮੁਢਲੇ ਰੂਪ ਵਿੱਚ ਬਠਿੰਡਾ ਦੇ ਮੰਡੀ ਕਲਾਂ ਪਿੰਡ ਨਾਲ ਜੁੜਿਆ ਇਸ ਸਾਹਿਤਕਾਰ ਦਾ ਜੀਵਨ ਸੰਘਰਸ਼ ਭਰਿਆ ਰਿਹਾ ਹੈ। ਕੁਝ ਸੰਘਰਸ਼ ਅਜਿਹੇ ਰਹੇ ਹਨ ਕਿ ਵਜ੍ਹਾ ਵੀ ਸਰਦਾਰ ਸਾਹਿਬ ਖੁਦ ਬਣੇ। ਆਪਣੀ ਗੱਲ ਜਾਂ ਵਿਚਾਰਾਂ ਤੇ ਅੜੇ ਰਹਿਣਾ, ਈਨ ਨਾ ਮੰਨਣਾ, ਸਪਸ਼ਟ ਗੱਲ ਮੂੰਹ ਤੇ ਕਹਿਣ ਵੇਲੇ ਨਾ ਝਿਜਕਣਾ, ਹਾਲਾਤ ਅਨੁਸਾਰ ਵਿਚਾਰ ਨਾ ਬਦਲਣ, ਕਰਕੇ ਇਹ੍ਹਨਾਂ ਦੇ ਸਿੰਗ ਕਿਸੇ ਨਾ ਕਿਸੇ ਨਾ ਫਸੇ ਹੀ ਰਹੇ ਹਨ। ਪਤਲੇ ਜਿਹੇ ਜੁੱਸੇ ਵਾਲਾ ਇਹ ਸਖਸ਼ ਕਦੇ ਝੁਕਿਆ ਨਹੀਂ। ਸਰੀਕੇ ਕਬੀਲੇ, ਸਹਿਕਰਮੀਆਂ ਅਤੇ ਅੜਬ ਅਫਸਰਾਂ ਨਾਲ ਜੂਝਦੇ ਹੋਏ ਜਿੰਦਗੀ ਲੰਘਾ ਦਿੱਤੀ। ਤੰਗੀ ਤੁਰਸੀ ਵੀ ਵੇਖੀ ਤੇ ਅਮੀਰੀ ਵੀ। ਵੱਖ ਵੱਖ ਵਿਚਾਰਧਾਰਾਵਾਂ ਨਾਲ ਵੀ ਜੁੜੇ। ਧਰਮ ਦਾ ਸਾਥ ਨਹੀਂ ਛੱਡਿਆ। ਅੱਜ ਵੀ ਸਰਦਾਰ ਸਾਹਿਬ ਇੱਕ ਅੰਮ੍ਰਿਤਧਾਰੀ ਸਿੱਖ ਹਨ ਪ੍ਰੰਤੂ ਗ਼ਲਤ ਨੂੰ ਗ਼ਲਤ ਕਹਿਣ ਲੱਗਿਆ ਦੇਰ ਨਹੀਂ ਲਾਉਂਦੇ ਭਾਵੇਂ ਸਾਹਮਣੇ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਹੋਵੇ ਜਾਂ ਕੋਈਂ ਗਿਆਨੀ ਧਿਆਨੀ। ਕਲਮ ਵੀ ਖੂਬ ਚਲਾਈ ਅੱਜ ਵੀ ਕਲਮ ਚਲਦੀ ਹੈ। ਖੂਬ ਲਿਖਿਆ ਖੂਬ ਛਪਿਆ। ਬਹੁਤਿਆਂ ਨੂੰ ਲਿਖਣ ਵੱਲ ਤੋਰਿਆ। ਘਰੇ ਵੀ ਸਰਦਾਰ ਸਾਹਿਬ ਆਪਣੀ ਗੱਲ ਕਹਿਣ ਤੋਂ ਨਹੀਂ ਝਿਜਕਦੇ। ਘਰੇਲੂ ਮਤਭੇਦਾਂ ਦੀ ਪਰਵਾਹ ਨਹੀਂ ਕੀਤੀ। ਜਿਸ ਬੰਦੇ ਨੇ ਆਪਣੀ ਜੀਵਨ ਗਾਥਾ ਦੀ ਤੁਲਨਾ ਅੱਕ ਦੇ ਦੁੱਧ ਨਾਲ ਕੀਤੀ ਹੋਵੇ ਫਿਰ ਉਸ ਤੋਂ ਝੁਕਣ ਜਾਂ ਸਚਾਈ ਤੋਂ ਭਟਕਣ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ। ਆਪਣੀ ਉਮਰ ਦੇ ਅੱਠ ਦਹਾਕੇ ਪਾਰ ਕਰ ਚੁੱਕਿਆ ਸਰਦਾਰ



ਅਤਰਜੀਤ ਸਿੰਘ ਮਾਇਕ ਤੇ ਖੜ੍ਹਕੇ ਆਪਣੀ ਅਸਹਿਮਤੀ ਜ਼ਾਹਿਰ ਕਰਨ ਦੀ ਹਿੰਮਤ ਰੱਖਦਾ ਹੈ। ਸਹਿਮਤ ਹੋਣ ਤੇ ਇਹ ਮੰਨਣ ਤੋਂ ਇਨਕਾਰ ਨਹੀਂ ਕਰਦੇ। ਬੇਲੋੜੀ ਚਮਚਾਗਿਰੀ ਅਤੇ ਫੂਕ ਛਕਾਉਣ ਤੋਂ ਦੂਰ ਰਹਿਕੇ ਵੀ ਸਭ ਦਾ ਹਰਮਨ ਪਿਆਰਾ ਹੋਣ ਦਾ ਗੁਣ ਇਸ ਸਖਸ਼ੀਅਤ ਵਿੱਚ ਹੈ। ਅੱਜਕਲ੍ਹ ਮੇਰੇ ਵਰਗੇ 65 ਸਾਲ ਦੀ ਉਮਰ ਵਿੱਚ ਹਾਰ ਮੰਨ ਜਾਂਦੇ ਹਨ। ਪਰ ਸਰਦਾਰ ਸਾਹਿਬ ਇਸ ਉਮਰ ਵਿੱਚ ਕਦੇ ਨਿਊਜ਼ੀਲੈਂਡ ਤੇ ਕਦੇ ਪਾਕਿਸਤਾਨ। ਕਿਸੇ ਸਭਾ ਗੋਸ਼ਟੀ ਲਈ ਸੱਦਾ ਮਿਲਣ ਦਾ ਇੰਤਜ਼ਾਰ ਹੈ ਹਾਜ਼ਰੀ ਪੱਕੀ ਹੈ। ਕੇਰਾਂ ਮੈਨੂੰ ਸਰਦਾਰ ਸਾਹਿਬ ਜੀ ਨੂੰ ਕੌਫ਼ੀ ਦੇ ਕੱਪ ਤੇ ਬੁਲਾਉਣ ਦਾ ਸੁਭਾਗ ਪ੍ਰਾਪਤ ਹੋਇਆ। ਖੂਬ ਗੱਲਾਂ ਹੋਈਆਂ। ਅਸੀਂ ਦੋ ਢਾਈ ਘੰਟੇ ਬੈਠੇ ਰਹੇ। ਪਰ ਸਰਦਾਰ ਸਾਹਿਬ ਦਾ ਮੂਡ ਅਜੇ ਹੋਰ ਬੈਠਣ ਤੇ ਸੀ। ਗੱਲਬਾਤ ਦੋਰਾਨ ਕਹਿੰਦੇ," ਯਾਰ ਹੁਣ ਮੈਂ ਇੱਧਰ ਆਇਆ ਤਾਂ ਹਾਂ। ਹੁਣ ਮੈਂ ਮਹਾਰਾਜਾ ਰਣਜੀਤ ਸਿੰਘ ਯੂਨੀਵਰਸਿਟੀ ਚ ਨਾਟਕ ਵੇਖਕੇ ਹੀ ਜਾਵਾਂਗਾ।" ਅਸੀਂ ਇਹ ਹਿੰਮਤ ਵੇਖਕੇ ਹੈਰਾਨ ਹੋਏ।

ਕੇਰਾਂ ਅਸੀਂ ਸਾਹਿਬ ਦੇ ਦਰਸ਼ਨ ਕਰਨ ਇਹ੍ਹਨਾਂ ਦੇ ਦੌਲਤਖਾਨੇ ਗਏ। ਮੈਨੂੰ ਕਾਰ ਬੈਕ ਕਰਨ ਵਿੱਚ ਥੋੜ੍ਹੀ ਮੁਸ਼ਕਿਲ ਆਈ। ਕਹਿੰਦੇ "ਤੁਸੀਂ ਬਾਹਰ ਆਓਂ, ਮੈ ਕਰਦਾ ਹਾਂ।" ਇਹ੍ਹਨਾਂ ਦੀ ਹਿੰਮਤ ਵੇਖਕੇ ਅਸੀਂ ਹੈਰਾਨ। ਸੱਚੀ ਸਰਦਾਰ ਅਤਰਜੀਤ ਸਿੰਘ ਹੌਸਲੇ ਦੀ ਪੰਡ ਹਨ। ਅੱਜ ਇਹ੍ਹਨਾਂ ਦੇ ਜਨਮਦਿਨ ਤੇ ਮੈਨੂੰ ਸਾਰਾ ਯਾਦ ਆ ਗਿਆ। ਸਰਦਾਰ ਸਾਹਿਬ ਆਪਣੇ ਫਲਸਫੇ ਤੇ ਇਸ ਤਰ੍ਹਾਂ ਹੀ ਵਿਚਰਦੇ ਰਿਹੋ ਤੁਸੀਂ ਕਿਹੜਾ ਜਸਵੰਤ ਸਿੰਘ ਕੰਵਲ ਤੋਂ ਘੱਟ ਹੋ। ਸੌ ਤਾਂ ਹਰ ਹਾਲਤ ਵਿੱਚ ਪਾਰ ਕਰਾਂਗੇ। ਵੱਧ ਦੀ ਗੱਲ ਕਰੋ।

**ਰਮੇਸ਼ ਸੇਠੀ ਬਾਦਲ**

# ਚਮਤਕਾਰ ਦੀ ਭਾਲ

ਸਾਲ ਦੇ ਪਹਿਲੇ ਦਿਨ ਹੀ ਫੋਨ ਆਇਆ , ਕਹਿੰਦਾ " ਡਾਕਟਰ ਸਾਹਬ ......... ਪਿੰਡ ਤੋਂ ........ਪਾਲ ਬੋਲ ਰਿਹਾ ਹਾਂ ।ਫੁਰਕਾਨ ਨੇ ਤੁਹਾਡਾ ਨੰਬਰ ਦਿਤਾ ਹੈ , ਜਿਹਨਾਂ ਦੇ ਘਰ ਭੂਤ ਅੱਗ ਲਗਾਉਂਦੇ ਸੀ ਤੇ ਤੁਸੀਂ ਉਹ ਭਜਾ ਦਿਤੇ ਸੀ ।"

ਮੈਂ ਕਿਹਾ , " ਦੱਸੋ ?"

ਕਹਿੰਦਾ ," ਦੱਸਣਾ ਕੀ ਹੈ ਮੇਰਾ ਤਾਂ ਬੁਰਾ ਹਾਲ ਹੈਝ ਤੁਸੀਂ ਮੇਰੇ ਘਰ ਆਓ ਤੇ ਮਸਲਾ ਹੱਲ ਕਰੋ ।"

ਮੈਂ ਕਿਹਾ ," ਪਹਿਲਾਂ ਤੁਸੀਂ ਆਕੇ ਆਪਣਾ ਮਸਲਾ ਵੇਰਵੇ ਨਾਲ ਦੱਸੋ ਫਿਰ ਵੇਖਾਂਗੇ ਕਿ ਮੇਰੇ ਵੱਸ ਦੀ ਗੱਲ ਹੈ ਵੀ ਕਿ ਨਹੀਂ ।"

ਕਹਿੰਦਾ , " ਜੇ ਤੁਸੀਂ ਫੁਰਕਾਨ ਦਾ ਮਸਲਾ ਹੱਲ ਕਰ ਸਕਦੇ ਹੋ , ਜਿਹੜਾ ਕਿਸੇ ਤੋਂ ਨਹੀਂ ਸੀ ਹੁੰਦਾ , ਫਿਰ ਮੇਰਾ ਕਿਓਂ ਨਹੀਂ ਕਰ ਸਕਦੇ । ਬੱਸ ਤੁਸੀਂ ਆ ਜਾਓ । ਫੁਰਕਾਨ ਕਹਿੰਦਾ ਸੀ ਤੁਸੀਂ ਮਸਲਾ ਹੱਲ ਕਰਨ ਵਾਸਤੇ ਲੋਕਾਂ ਦੇ ਘਰ ਵੀ ਚਲੇ ਜਾਂਦੇ ਹੋ ।"

ਮੈਂ ਕਿਹਾ ," ਜਿੰਨਾ ਚਿਰ ਮੈਨੂੰ ਮਸਲਾ ਹੀ ਨਹੀਂ ਪਤਾ ਲਗਦਾ , ਮੈਂ ਮੂੰਹ ਚੁੱਕ ਕੇ ਕਿਓਂ ਤੁਰ ਪਵਾਂ ? ਕੋਈ ਕੋਈ ਮਸਲਾ ਹੁੰਦਾ ਹੈ ਜਿਹਦੇ ਵਿੱਚ ਮੌਕੇ ਤੇ ਪਹੁੰਚਣਾ ਜ਼ਰੂਰੀ ਹੁੰਦਾ ਹੈ । ਤੁਸੀਂ ਮੇਰੇ ਕੋਲ ਆ ਕੇ ਸਾਰੀ ਗੱਲ ਦੱਸੋ , ਉਸ ਤੋਂ ਬਾਅਦ ਹੀ ਮੈਂ ਕੋਈ ਫੈਸਲਾ ਕਰ ਸਕਦਾ ਹਾਂ ।"

ਕਹਿੰਦਾ , " ਪਰ ਮੈਨੂੰ ਤਾਂ ਇਸ ਵਕਤ ਬਹੁਤ ਬੁਖਾਰ ਚੜ੍ਹਿਆ ਹੋਇਆ ਹੈ !"

ਮੈਂ ਕਿਹਾ , " ਤੁਸੀਂ ਪਹਿਲਾਂ ਬੁਖਾਰ ਦਾ ਇਲਾਜ ਕਰਵਾ ਲਓ , ਫਿਰ ਠੀਕ ਹੋਕੇ ਮੇਰੇ ਕੋਲ ਆ ਜਾਇਓ ।"

ਅੱਗੋਂ ਕਹਿੰਦਾ ," ਨਹੀਂ ਜੀ , ਇਹ ਬੁਖਾਰ ਉਹ ਨਹੀਂ ਹੈ ਜੋ ਲੋਕਾਂ ਨੂੰ ਚੜ੍ਹਦਾ ਹੈ ਇਹ ਤਾਂ ਮੈਨੂੰ ਕਿਸੇ ਓਪਰੀ ਚੀਜ਼ ਨੇ ਚੜ੍ਹਾਇਆ ਹੈ ।"

ਕਾਫੀ ਸਿਰ ਖਪਾਈ ਤੋਂ ਬਾਦ ਮੈਂ ਉਹਨੂੰ ਆਉਣ ਲਈ ਮਨਾ ਲਿਆ ਝ ਕੱਲ੍ਹ ਉਹ ਬੰਦਾ ਆ ਗਿਆ ਝ ਕਹਿੰਦਾ ," ਡਾਕਟਰ ਸਾਹਿਬ , ਮੇਰਾ ਬੁਰਾ ਹਾਲ ਹੈ ਕੰਮ ਕਰਨ ਨੂੰ ਉੱਕਾ ਹੀ ਦਿਲ ਨਹੀਂ ਕਰਦਾ ਝ ਕਰਜਾ ਸਿਰ ਤੇ ਚੜ੍ਹਿਆ ਹੈ ਝ ਕੋਈ ਐਸਾ ਚੱਕਰ ਚਲਾਓ ਕਿ ਲੋਕ ਮੇਰੇ ਤੋਂ ਪੈਸੇ ਨਾ ਮੰਗਣ ਆਉਣ ਝ"

ਮੈਂ ਬਥੇਰਾ ਸਮਝਾਇਆ ਕਿ ਜਿਹਨਾਂ ਨੇ ਪੈਸੇ ਦਿਤੇ ਨੇ ਉਹ ਤਾਂ ਮੰਗਣਗੇ ਹੀ , ਕੰਮ ਧੰਦਾ ਕਰਕੇ ਕਰਜ਼ਾ ਲਾਹ । ਪਰ ਉਹ ਬੰਦਾ ਮੇਰੀ ਗੱਲ ਹੀ ਸੁਣਨ ਨੂੰ ਤਿਆਰ ਨਹੀਂ ਸੀ । ਉਹਨੂੰ ਬੁਖਾਰ ਵੀ ਕਾਫੀ ਸੀ । ਮੈਂ ਬਥੇਰਾ ਕਿਹਾ ਕਿ ਤੈਨੂੰ ਬੁਖਾਰ ਦਾ ਇਲਾਜ ਕਰਵਾਉਣਾ ਚਾਹੀਦਾ ਹੈ ।

ਕਹਿੰਦਾ , " ਨਹੀਂ ਜੀ ਇਹ ਬੁਖਾਰ ਤਾਂ ਓਪਰੀ ਚੀਜ਼ ਨੇ ਚੜ੍ਹਾਇਆ ਹੈ , ਫਾਂਡੇ ਨਾਲ ਹੀ ਉਤਰੂ , ਦਵਾਈ ਤਾਂ ਮੈਂ ਲੈਣੀ ਨਹੀਂ ।"

ਨਾ ਉਹ ਦਵਾਈ ਲੈਣਾ ਚਾਹੁੰਦਾ ਸੀ, ਨਾ ਕੋਈ ਕੰਮ ਕਰਨਾ ਚਾਹੁੰਦਾ ਸੀ ,ਨਾ ਲੋਕਾਂ ਤੋਂ ਲਿਆ ਕਰਜ਼ਾ ਵਾਪਸ ਕਰਨਾ ਚਾਹੁੰਦਾ ਸੀ , ਬੱਸ ਕਿਸੇ ਚਮਤਕਾਰ ਦੀ ਭਾਲ ਵਿੱਚ ਸੀ, ਜੋ ਮੇਰੇ ਵੱਸ ਦੀ ਗੱਲ ਨਹੀਂ ਸੀ । ਮੈਂ ਹੋਰ ਸਿਰ ਖਪਾਈ ਕਰਨ ਦੀ ਥਾਂ ਉਹਨੂੰ ਜਵਾਬ ਹੀ ਦੇ ਦਿਤਾ । ਆਖਿਰ ਬਦਾਮ ਵੀ ਤਾਂ ਬਹੁਤ ਮਹਿੰਗੇ ਹਨ !!

ਮੇਰੀ ਆਸ ਦੇ ਵਿਰੁਧ ਅੱਜ ਉਹ ਵਿਅਕਤੀ ਆਪਣੇ ਇੱਕ ਦੋਸਤ ਨਾਲ ਮੇਰੇ ਕੋਲ ਆ ਗਿਆ । ਉਹਨੇ ਆਉਂਦਿਆਂ ਕਿਹਾ ," ਮੈਂ ਜਾ ਕੇ ਤੁਹਾਡੀਆਂ ਗੱਲਾਂ ਤੇ ਵਿਚਾਰ ਕੀਤਾ ਕਿ ਤੁਹਾਡੀਆਂ ਕਹੀਆਂ ਹੋਈਆਂ ਗੱਲਾਂ ਕਾਫੀ ਸੱਚ ਹਨ । ਮੈਂ ਜਾ ਕੇ ਬੁਖਾਰ ਦੀ ਦਵਾਈ ਵੀ ਲਈ ਤੇ ਉਹ ਉੱਤਰ ਗਿਆ , ਪਰ ਫਿਰ ਵੀ ਕੁਝ ਨਾ ਕੁਝ ਤਾਂ ਹੈ ਜੋ ਮੈਨੂੰ ਤੰਗ ਕਰਦਾ ਹੈ ।" ਹੁਣ ਉਹ ਕਾਫੀ ਬਦਲਿਆ ਨਜਰ ਆ ਰਿਹਾ ਸੀ । ਕੁਝ ਗੱਲਬਾਤ ਕਰਨ ਤੋਂ ਬਾਅਦ ਮੈਂ ਉਹਨੂੰ ਸੰਮੋਹਿਤ ਕਰਕੇ ਕੁਝ ਆਦੇਸ਼ ਦੇ ਕੇ ਜਦੋਂ ਜਗਾਇਆ ਤਾਂ ਉਹ ਆਪਣੇ ਆਪ ਨੂੰ ਕਾਫੀ ਹਲਕਾ ਫੁਲਕਾ ਮਹਿਸੂਸ ਕਰ ਰਿਹਾ ਸੀ । ਮੈਂ ਉਹਨੂੰ ਦੋ ਦਿਨ ਬਾਅਦ ਦੁਬਾਰਾ ਆਉਣ ਲਈ ਕਹਿ ਕੇ ਭੇਜ ਦਿਤਾ।



ਡਾਕਟਰ ਇੰਦਰਜੀਤ ਕਮਲ

# ਪੱਥਰਾਂ ਦਾ ਦਿਲ

ਬੱਚਿਆਂ ਨੂੰ ਸਕੂਲ ਤੋਂ ਛੁੱਟੀਆਂ ਹੋਈਆਂ ਤਾਂ ਰੂਪ ਨੇ ਇਸ ਵਾਰ ਘਰ ਕਹਿ ਹੀ ਦਿੱਤਾ ਕਿ ਹਰ ਵਾਰ ਬੱਚੇ ਆਪਣੇ ਨਾਨਕਿਆਂ ’ਤੇ ਹੀ ਜਾਂਦੇ ਹਨ ਪਰ ਇਸ ਵਾਰ ਬੱਚਿਆਂ ਨੂੰ ਕਿਸੇ ਹਿੱਲ ਸਟੇਸ਼ਨ ਜ਼ਰੂਰ ਲੈ ਕੇ ਜਾਣਾ।

ਰੂਪ ਨੇ ਫਿਰ ਆਪਣੀ ਗੱਲ ਨੂੰ ਸਖ਼ਤੀ ਨਾਲ ਆਪਣੇ ਪਤੀ ਨੂੰ ਦੁਹਰਾ ਕੇ ਕਿਹਾ, “ਦੇਖੋ ਮੈਂ ਗੰਭੀਰਤਾ ਨਾਲ ਕਹਿ ਰਹੀ ਹਾਂ, ਤੁਸੀਂ ਬਹਾਨਾ ਜਿਹਾ ਨਾ ਮਾਰੋ।”

ਜਦ ਪਤੀ ਨੇ ਗੱਲ ਨਾ ਸੁਣੀ ਤਾਂ ਫੋਨ ਚੁੱਕ ਭਰਾ ਨੂੰ ਕਾੱਲ ਲਾ ਲਈ।

“ਵੀਰੇ, ਛੁੱਟੀਆਂ ਤਾਂ ਜਵਾਕਾਂ ਨੂੰ ਹੋ ਗਈਆਂ ਹਨ ਤੁਹਾਡੇ ਕੋਲ ਆਉਣਾ ਵੀ ਹੈ ਪਰ ਬੱਚੇ ਹਰ ਵਾਰ ਬਾਹਰ ਕਿਸੇ ਪਹਾੜੀ ਇਲਾਕੇ ’ਚ ਘੁੰਮਣ ਦੀ ਜ਼ਿੱਦ ਕਰਦੇ ਹਨ, ਮੈਂ ਇਸ ਵਾਰ ਤੁਹਾਡੇ ਭਾ ਜੀ ਨੂੰ ਕਹਿ ਰਹੀ ਹਾਂ, ਪਰ ਮੈਨੂੰ ਨਹੀਂ ਲੱਗਦਾ ਕਿ ਇਹ ਸਾਡੀ ਗੱਲ ਮੰਨੇਗਾ। ਬੱਚੇ ਜਦ ਛੁੱਟੀਆਂ ਤੋਂ ਬਾਅਦ ਸਕੂਲ ਜਾਂਦੇ ਹਨ ਤਾਂ ਸਾਰੇ ਬੱਚੇ ਦੱਸਦੇ ਨੇ ਅਸੀਂ ਛੁੱਟੀਆਂ ’ਚ ਇੱਥੇ ਗਏ, ਉੱਥੇ ਗਏ। ਬੱਚੇ ਕਹਿੰਦੇ ਹਨ ਕਿ ਅਸੀਂ ਕੀ ਕਹੀਏ? ਨਾਨੀ ਹਾਊਸ ਗਏ ਸੀ। ਮੈਨੂੰ ਇਹ ਦੱਸ, ਜੇ ਤੇਰੇ ਕੋਲ ਆਈਏ ਤਾਂ ਲੈ ਜਾਏਂਗਾ ਤੇ ਜੇ ਪਲਾਨ ਬਣ ਗਿਆ ਤਾਂ ਤੇਰਾ ਜੀਜਾ ਵੀ ਨਾਲ ਤੁਰ ਹੀ ਪਊ, ਮੈਨੂੰ ਪਤਾ ਉਸਨੂੰ ਇਹ ਹੀ ਫ਼ਿਕਰ ਰਹਿਣਾ, ਉੱਥੇ ਕੋਈ ਜਵਾਕ ਸੱਟ-ਫੇਟ ਨਾ ਲਵਾ ਲਵੇ।”

ਅੱਗੋਂ ਭਰਾ ਨੇ ਜਦ ਹਾਂ ਕਹੀ ਤਾਂ ਰੂਪ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਰਿਹਾ। ਘਰ ਗੱਲ ਕੀਤੀ ਤਾਂ ਪਤੀ (ਰਾਜ) ਵੀ ਮੰਨ ਗਿਆ ਕਿ ਚਲੋ ਜੇ ਵੀਰਾ ਵੀ ਫੈਮਿਲੀ ਨਾਲ ਜਾਂਦਾ ਤਾਂ ਚੱਲ ਆਉਂਦੇ ਹਾਂ।

2 ਦਿਨ ਬਾਅਦ ਹੀ ਤਿਆਰੀ ਹੋ ਗਈ। ਰੂਪ ਕੁਦਰਤ ਨਾਲ ਸ਼ੁਰੂ ਤੋਂ ਜੁੜੀ ਹੋਈ ਹੋਣ ਕਰਕੇ ਬੱਚਿਆਂ ਤੋਂ ਜ਼ਿਆਦਾ ਉਤਸ਼ਾਹਿਤ ਸੀ। ਜਿਵੇਂ-ਜਿਵੇਂ ਸਫ਼ਰ ਅੱਗੇ ਵੱਧ ਰਿਹਾ ਸੀ। ਰੁਮਾਂਚਕਤਾ ਵੀ ਵੱਧ ਰਹੀ ਸੀ। ਰੂਪ ਵੀ ਕਾਫ਼ੀ ਖੁਸ਼ ਹੋ ਰਹੀ ਸੀ। ਦੋ ਦਿਨ ਖ਼ੂਬਸੂਰਤ ਵਾਦੀਆਂ ਨੂੰ ਦੇਖਣ ਤੋਂ ਬਾਅਦ ਰੂਪ ਤੇ ਪਰਿਵਾਰ ਨੂੰ ਵਾਪਸੀ ਹੋਰ ਰਸਤੇ ਤੋਂ ਕਰਨ ਦਾ ਫ਼ੈਸਲਾ ਕੀਤਾ।

ਵਾਪਸੀ ਕਰਦਿਆਂ ਰੂਪ ਨੂੰ ਮੈਕਲੋਡਗੰਜ ਦੀ ਵਾਟਰ ਫਾਲ ਦਾ ਨਜ਼ਾਰਾ ਵਾਰ-ਵਾਰ ਯਾਦ ਆ ਰਿਹਾ ਸੀ। ਰੂਪ ਸੋਚਦੀ, ਇਹ ਪਹਾੜਾਂ ਦੀ ਉਚਾਈ ’ਤੇ ਪਈ ਬਰਫ਼ ਕਾਰਨ ਹੀ ਇਹ ਪਿਘਲ ਕੇ ਪਾਣੀ ਪ੍ਰਾਪਤ ਹੋਇਆ। ਪਹਾੜਾਂ ਤੋਂ ਡਿੱਗਦਾ ਪਾਣੀ ਕਿੰਨਾ ਖ਼ੂਬਸੂਰਤ ਲੱਗਦਾ, ਜੋ ਇੱਕ ਸੈਨਾਨੀ ਸਥਾਨ ਬਣ ਗਿਆ। ਫਿਰ ਇਹ ਪਾਣੀ ਝਰਨੇ ਤੋਂ ਨਦੀ ਤੇ ਨਦੀ ਤੋਂ ਡੈਮ ਤੇ ਨਹਿਰਾਂ ਬਣ ਖੇਤਾਂ ਦਾ ਸ਼ਿੰਗਾਰ ਬਣਿਆ। ਸਾਫ਼ ਹੋ ਕੇ ਪਾਣੀ ਪੀਣ ਲਈ ਵਰਤਿਆ ਤੇ ਸਾਡਾ ਜੀਵਨ ਆਧਾਰ ਬਣਿਆ। ਇਸ ਪਾਣੀ ਕਾਰਨ ਹੀ ਬਨਸਪਤੀ ਪ੍ਰਫੁੱਲਿਤ ਹੋਈ ਤੇ ਉਸਨੇ ਸਾਨੂੰ ਆਕਸੀਜ਼ਨ ਬਖਸ਼ੀ, ਜਿਸਨੇ ਸਾਹ ਚੱਲਦੇ ਰੱਖੇ। ਇਹ ਪਹਾੜਾਂ ਦਾ ਕਿੰਨਾ ਵੱਡਾ ਯੋਗਦਾਨ ਹੈ ਸਾਰੀ ਜ਼ਿੰਦਗੀ ਵਿੱਚ।

ਰੂਪ ਅਜੇ ਇਹ ਸੋਚ ਹੀ ਰਹੀ ਸੀ ਕਿ ਗੱਡੀ ਦੀ ਬਹੁਤ ਜ਼ੋਰ ਦੀ ਬਰੇਕ ਲੱਗਣ ਕਾਰਨ ਰੂਪ ਨੂੰ ਝਟਕਾ ਲੱਗਾ ਤੇ ਉਹ ਸੋਚਾਂ ਤੋਂ ਬਾਹਰ ਆਈ। ਪਹਾੜੀ ਤੋਂ ਇੱਕ ਪੱਥਰ ਡਿੱਗ ਕੇ ਗੱਡੀ ਅੱਗੇ ਆ ਡਿੱਗਿਆ ਸੀ, ਜਿਸ ਕਾਰਨ ਗੱਡੀ ਰੁੱਕ ਗਈ।

ਪੱਥਰ ਕੁੱਝ ਵੱਡਾ ਹੋਣ ਕਾਰਨ ਰਸਤਾ ਸਾਫ਼ ਹੋਣ ’ਤੇ ਸਮਾਂ ਲੱਗਣਾ ਸੀ। ਇਸ ਲਈ ਸਾਰਾ ਪਰਿਵਾਰ ਗੱਡੀ ਤੋਂ ਬਾਹਰ ਆ ਗਿਆ। ਸਾਰੇ ਆਪਣੇ-ਆਪਣੇ ਹਿਸਾਬ ਨਾਲ ਕੁਦਰਤ ਦੀ ਖ਼ੂਬਸੂਰਤੀ ਨੂੰ ਨਿਹਾਰ ਰਹੇ ਸਨ। ਬੇਸ਼ੱਕ ਕੁੱਝ ਪ੍ਰੇਸ਼ਾਨੀ ਵੀ ਸੀ ਕਿ ਜਲਦੀ ਰਸਤਾ ਸਾਫ਼ ਹੋਵੇ। ਰੂਪ ਨੇ ਉਸ ਪਹਾੜੀ ਦੇ ਕੋਲ ਜਾ ਕੇ ਦੋਵੇਂ ਹੱਥ ਪਹਾੜ ਨਾਲ ਲਾ ਲਏ ਤੇ ਫਿਰ ਮੱਥਾ ਵੀ ਪਹਾੜੀ ਨਾਲ ਟਿਕਾ ਲਿਆ। ਪਹਾੜੀ ਤੋਂ ਹੌਲੀ-ਹੌਲੀ ਪਾਣੀ ਰਿਸਦਾ ਹੋਇਆ ਰੂਪ ਦੇ ਦੋਵੇਂ ਹੱਥਾਂ ਨੂੰ ਗਿੱਲਾ ਕਰਦਾ ਹੋਇਆ ਸੜਕ ਤੋਂ ਵੱਗਣ ਲੱਗਾ। ਰੂਪ ਫਿਰ ਵੀ ਉਵੇਂ ਹੀ ਖੜ੍ਹੀ ਸੀ। ਸਾਰੇ ਇਹ ਨਜ਼ਾਰਾ ਦੇਖ ਰਹੇ ਸਨ ਪਰ ਇਹ ਗੱਲ ਹੈਰਾਨ ਕਰਨ ਵਾਲੀ ਸੀ ਕਿ ਰੂਪ ਦੇ ਸਿਰ ’ਤੇ ਕੋਈ ਪਾਣੀ ਨਹੀਂ ਗਿਰ ਰਿਹਾ ਸੀ ਤੇ ਰੂਪ ਵੀ ਇੰਝ ਕਰਦੀ ਮਹਿਸੂਸ ਹੋਈ ਜਿਵੇਂ ਉਹ ਪਾਣੀ ਪਹਾੜ ਦੇ ਹੰਝੂ ਹੋਣ ਤੇ ਰੂਪ ਪੂੰਝ ਰਹੀ ਹੋਵੇ।

ਰੂਪ ਕੁੱਝ ਦੇਰ ਏਦਾਂ ਹੀ ਰਹੀ। ਰੂਪ ਦੀ ਭਾਬੀ ਨੇ ਜਦ ਰੂਪ ਨੂੰ ਕੋਲ ਜਾ ਕੇ, ਉਸਦੇ ਮੋਢੇ ’ਤੇ ਹੱਥ ਧਰਿਆ ਤਾਂ ਰੂਪ ਨੇ ਪਿੱਛੇ ਵੇਖਿਆ, ਰੂਪ ਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਹੋਈਆਂ ਸਨ। ਭਾਬੀ ਨੇ ਦੱਸਿਆ ਕਿ ਰਸਤਾ ਸਾਫ਼ ਹੋ ਗਿਆ ਹੈ।

ਰੂਪ ਨੇ ਉਸ ਪਹਾੜੀ ਨੂੰ ਪਿਆਰ ਨਾਲ ਜੱਫ਼ੀ ਜਿਹੀ ਪਾਈ, ਪਾਰੀ ਕੀਤੀ ਤੇ ਕਿਹਾ, “ਮੈਂ ਇਹ ਸਭ ਨੂੰ ਜ਼ਰੂਰ ਦੱਸਾਂਗੀ, ਤੁਸੀਂ ਬੇਫ਼ਿਕਰ ਰਹੋ ਤੇ ਹੁਣ ਕਦੇ ਉਦਾਸ ਨਹੀਂ ਹੋਣਾ।”

ਰੂਪ ਦੇ ਇਸ ਵਿਵਹਾਰ ’ਤੇ ਭਾਬੀ ਹੈਰਾਨ ਹੋਈ। ਰੂਪ ਗੱਡੀ ਵਿੱਚ ਆ ਕੇ ਬੈਠ ਗਈ ਤਾਂ ਭਾਬੀ ਨੇ ਪੁੱਛਿਆ, “ਰੂਪ ਕੀ ਹੋਇਆ? ਜੋ ਕੁੱਝ ਹੋਇਆ ਉਹ ਕੀ ਸੀ?”

“ਦੱਸਦੀ ਹਾਂ ਭਾਬੀ, ਇਹ ਕਦੇ ਮੈਂ ਵੀ ਨਹੀਂ ਸੋਚਿਆ ਸੀ ਬਸ ਇੱਕ ਹਾਦਸਾ ਹੀ ਕਹਿ ਲਓ। ਜਦ ਗੱਡੀ ਅੱਗੇ ਪੱਥਰ ਆਇਆ ਤਾਂ ਵੀਰੇ ਨੇ ਕਿਹਾ ਇਹ ਪੱਥਰ ਨੇ ਵੀ ਰਾਹ ਰੋਕ ਲਿਆ, ਇੱਕ ਕਿਸੇ ਨੂੰ ਇੱਥੇ ਸਹਾਇਤਾ ਲਈ ਕਹੋ ਤਾਂ ਬੰਦੇ ਵੀ ਪੱਥਰ ਦਿਲ ਹੀ ਨੇ ਕੋਈ ਸਹਾਇਤਾ ਕਰਨ ਲਈ ਤਿਆਰ ਨਹੀਂ। ਮੈਨੂੰ ਮਹਿਸੂਸ ਹੋਇਆ ਕਿ ਜਿਵੇਂ ਉਸ ਪਹਾੜੀ ਤੋਂ ਸਿਸਕਣ ਤੋਂ ਆਵਾਜ਼ ਆ ਰਹੀ ਹੈ। ਮੈਂ ਉਸ ਪਹਾੜੀ ਨਾਲ ਜਾ ਕੇ ਆਪਣਾ ਮੱਥਾ ਤੇ ਹੱਥ ਟਿਕਾ ਲਏ ਤੇ ਉਸ ਆਵਾਜ਼ ਨੂੰ ਸੁਣਨ ਦੀ ਕੋਸ਼ਿਸ਼ ਕੀਤੀ। ਉਹ ਪਹਾੜ ਹੀ ਰੋ ਰਿਹਾ ਸੀ, ਜਿਸਦੇ ਅੱਖਾਂ ਤੋਂ ਨਿਕਲੇ ਹੰਝੂ ਹੀ ਮੇਰੇ ਹੱਥਾਂ ਨੂੰ ਗਿੱਲੇ ਕਰ ਰਹੇ ਸਨ। ਉਸਨੂੰ ਮਤਲਬੀ ਇਨਸਾਨਾਂ ਲਈ ਪੱਥਰ ਅਲੰਕਾਰ ਵਰਤਣ ਤੋਂ ਬਹੁਤ ਦੁੱਖ ਲੱਗਾ।”

ਉਸਨੇ ਕਿਹਾ, “ਮੈਂ ਤੁਹਾਨੂੰ ਕੁੱਝ ਨਹੀਂ ਕਹਿੰਦਾ ਤੁਹਾਡੇ ਜੀਵਨ ਦਾ ਅਨਮੋਲ ਅੰਗ ਹਾਂ, ਉੱਚੇ ਪਹਾੜਾਂ ਤੇ ਪਈ ਬਰਫ਼ ਪਿਘਲ ਕੇ ਝਰਨੇ ਦਾ ਰੂਪ ਲੈ ਪਾਣੀ ਬਣ, ਤੁਹਾਡੇ ਜੀਵਨ ਦਾ ਆਧਾਰ ਬਣਦਾ। ਜਿੱਥੇ ਥੋੜ੍ਹੀ ਮਿੱਟੀ ਜਾਂ ਕੱਚਾ ਪਹਾੜ ਹੈ ਉੱਥੇ ਕੀੜੇ ਮਕੌੜੇ ਤੇ ਬਨਸਪਤੀ ਹੈ। ਪਾਣੀ ਦੇ ਝਰਨੇ ਤੇ ਇਹ ਹਰੀਆਂ ਵਾਦੀਆਂ ਤੁਹਾਡੇ ਮਨ ਨੂੰ ਸਕੂਨ ਦਿੰਦੀਆਂ, ਤੁਹਾਡੀ ਦੁਨੀਆਂਦਾਰੀ ਦੀ ਥਕਾਵਟ ਉਤਾਰਦੀਆਂ ਤੇ ਕਿੰਨੇ ਲੋਕਾਂ ਲਈ ਰੁਜ਼ਗਾਰ ’ਚ ਵੀ ਸਹਾਈ ਹੁੰਦੇ। ਸੁੱਕਾ ਪੱਥਰ ਤੁਹਾਡੇ ਘਰਾਂ ਦਾ ਸ਼ਿੰਗਾਰ ਬਣਦਾ। ਕਿੰਨੇ ਤਰ੍ਹਾਂ ਦੀ ਸਜਾਵਟ ਦਾ ਰੂਪ ਲੈਂਦਾ ਤੇ ਅੰਤ ਤੁਹਾਡਾ ਭਗਵਾਨ ਬਣ ਮੰਦਰਾਂ ’ਚ ਸੱਜਦਾ। ਹਰ ਧਾਰਮਿਕ ਸਥਾਨ ’ਤੇ ਉੱਚੇ ਤੋਂ ਉੱਚੇ ਮਹਿਲਾਂ ਦਾ ਸ਼ਿੰਗਾਰ ਹਾਂ ਮੈਂ। ਹਾਂ, ਮੈਂ ਪੱਥਰ ਹਾਂ, ਮੈਂ ਤੁਹਾਡੇ ਸਕੂਨ ਦਾ ਕਾਰਨ ਹਾਂ, ਸਜਾਵਟ ਹਾਂ, ਭਗਵਾਨ ਦਾ ਰੂਪ ਹਾਂ, ਤੁਹਾਡੀ ਅਮੀਰੀ ਹਾਂ। ਪਰ ਮੈਂ ਹੈਰਾਨ ਹਾਂ, ਤੁਹਾਡੇ ਨਜ਼ਰੀਏ ਤੋਂ ਕਿਤੇ ਤੁਸੀਂ ਮੇਰੇ ’ਚੋਂ ਭਗਵਾਨ ਤੱਕ ਕੇ ਆਪਣੇ ਦੁੱਖ-ਸੁੱਖ ਵੰਡਦੇ ਹੋ ਤੇ ਕਿਤੇ ਕਿਸੇ ਲਾਲਚੀ, ਸੁਆਰਥੀ ਬੰਦੇ ਨੂੰ ਪੱਥਰ ਦੱਸ ਕੇ ਮੈਨੂੰ ਭਾਵਨਾ ਰਹਿਤ ਹੋਣ ਦਾ ਮੈਡਲ ਦਿੰਦੇ ਹੋ। ਮੇਰੇ ਅੰਦਰ ਵੀ ਪਾਣੀ ਹੈ, ਜੀਵਨ ਹੈ, ਮੈਂ ਤੁਹਾਨੂੰ ਬਹੁਤ ਪਿਆਰਾ ਵੀ ਹਾਂ। ਮੈਨੂੰ ਅੱਜ ਬਹੁਤ ਦੁੱਖ ਹੋਇਆ, ਮੈਂ ਤੁਹਾਡੇ ਤੋਂ ਕੁੱਝ ਨਹੀਂ ਮੰਗਦਾ, ਤੁਹਾਡੇ ਜੀਵਨ ਦਾ ਸ਼ਿੰਗਾਰ ਬਣ ਖੁਸ਼ ਹਾਂ, ਤੁਹਾਨੂੰ ‘ਜੀ ਆਇਆਂ ਨੂੰ’ ਆਖਦਾ ਹਾਂ। ਤੁਸੀਂ ਆਪਣੀ ਖੁਸ਼ੀ ਤੇ ਸਕੂਨ ਲਈ ਇਹਨਾਂ ਪਹਾੜਾਂ ’ਤੇ ਆਏ, ਜੋ ਪੱਥਰ ਦੇ ਹਨ ਤੇ ਜਾਣ ਲੱਗਿਆਂ ਮੇਰਾ ਹੀ ਇਸਤੇਮਾਲ ਸਵਾਰਥੀ ਲੋਕਾਂ ਲਈ ਵਰਤ ਕੇ ਦੁੱਖੀ ਕੀਤਾ। ਮੈਂ ਪੱਥਰ ਤੁਹਾਡੇ ਤੋਂ ਕਿਤੇ ਚੰਗਾ ਹਾਂ। ਆਪਣਾ ਨਜ਼ਰੀਆ, ਕਿਸੇ ਲਈ ਵੀ ਇੱਕ ਹੀ ਬਣਾਉ। ਐਵੇਂ ਏਨੇ ਸਵਾਰਥੀ ਨਾ ਬਣੋ।”

ਰੀਤ ਦੀ ਭਾਬੀ ਸਮੇਤ ਸਾਰਾ ਪਰਿਵਾਰ ਰੀਤ ਦੀ ਗੱਲ ਨੂੰ ਧਿਆਨ ਨਾਲ ਸੁਣ ਰਿਹਾ ਸੀ। ਅੰਤ ਸਾਰਿਆਂ ਨੇ ਇਸ ਗੱਲ ਨੂੰ ਮਹਿਸੂਸ ਕੀਤਾ ਇਹ ਸੱਚਮੁੱਚ ਇੱਕ ਵੇਦਨਾ ਹੈ। ਸਾਰੇ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਸਨ ਤੇ ਰੱਬ ਦਾ ਇਸ ਗਿਆਨ ਲਈ ਧੰਨਵਾਦ ਕੀਤਾ ਤੇ ਉਸ ਪਹਾੜ ਨੂੰ ‘ਫਲਾਇੰਗ ਕਿਸ’ ਤੇ ‘ਲਵ ਯੂ’ ਕਹਿ ਪਰਿਵਾਰ ਵਾਪਸੀ ਲਈ ਚੱਲ ਪਿਆ।



ਦਿਲਪ੍ਰੀਤ ਕੌਰ ਗੁਰੀ

# ਸਾਹਿਤ ਸਮਾਜ

04/01/2025

## ਨਾਰਸਿਸਟ



ਨਾਰਸਿਸਟ ਹੁੰਦਾ ਹੈ ਆਪਣੇ ਆਪ ਨੂੰ ਪਿਆਰ ਕਰਨ ਵਾਲਾ। ਇੱਕ ਜਿਹਾ ਸ਼ਖਸ ਜੋ ਸਿਰਫ ਆਪਣੇ ਆਪ ਨੂੰ ਅਹਿਮੀਅਤ ਦਿੰਦਾ ਹੈ। ਉਹ ਆਪਣੇ ਆਪ ਤੇ ਹੀ ਮੋਹਿਤ ਹੋਇਆ ਰਹਿੰਦਾ ਹੈ।ਨਰਸਿਜ਼ਮ ਵਿੱਚ ਮਨੁੱਖ ਆਪਣੇ ਆਪ ਨੂੰ ਹੀ ਮਹੱਤਵ ਦਿੰਦਾ ਹੈ। ਇਥੋਂ ਤੱਕ ਕਿ ਦੂਜੇ ਉਸ ਤੋਂ ਕੀ ਤਵੱਕੋ ਰੱਖਦੇ ਹਨ ਇਸ ਦੀ ਉਸਨੂੰ ਕੋਈ ਪਰਵਾਹ ਨਹੀਂ ਹੁੰਦੀ। ਉਸ ਨੂੰ ਸਿਰਫ ਤੇ ਸਿਰਫ ਆਪਣੀਆਂ ਭਾਵਨਾਵਾਂ ਦਾ ਖਿਆਲ ਹੁੰਦਾ ਹੈ। ਉਸਦੇ ਵਿਹਾਰ ਨਾਲ ਦੂਜਿਆਂ ਤੇ ਕੀ ਬੀਤਦੀ ਹੈ ਇਸ ਨਾਲ ਉਸਨੂੰ ਕੋਈ ਫਰਕ ਨਹੀਂ ਪੈਂਦਾ।

ਨਰਸਿਜਮ ਵਾਲਾ ਮਨੁੱਖ ਬਹੁਤ ਹੀ ਪ੍ਰਭਾਵਸ਼ਾਲੀ ਸ਼ਖਸੀਅਤ ਵਾਲਾ ਹੁੰਦਾ ਹੈ। ਉਹਨਾਂ ਕੋਲ ਇੱਕ ਕ੍ਰਿਜਮਾਈ ਸ਼ਖਸੀਅਤ ਹੁੰਦੀ ਹੈ। ਉਹ ਕਦੇ ਵੀ ਨਕਾਰਾਤਮਕ ਗੱਲ ਨਹੀਂ ਕਰਦੇ ਖਾਸ ਤੌਰ ਤੇ ਰਿਸ਼ਤਿਆਂ ਵਿੱਚ। ਉਹ ਆਪਣੇ ਆਲੇ ਦੁਆਲੇ ਅਜਿਹੇ ਲੋਕ ਰੱਖਦੇ ਹਨ ਜੋ ਉਹਨਾਂ ਦੇ ਹਉਮੈ ਨੂੰ ਪੱਠੇ ਪਾਉਂਦੇ ਹਨ। ਉਹ ਰਿਸ਼ਤੇ ਵੀ ਸਿਰਫ ਇਸ ਲਈ ਬਣਾਉਂਦੇ ਹਨ ਕਿ ਉਹ ਆਪਣੇ ਆਪ ਨੂੰ ਇਹ ਵਿਸ਼ਵਾਸ ਦਵਾ ਸਕਣ ਕਿ ਉਹ ਦੂਜਿਆਂ ਤੋਂ ਬਿਹਤਰ ਹਨ।

ਜਿਆਦਾਤਰ ਦੋ ਤਰ੍ਹਾਂ ਦੇ ਵਿਅਕਤੀ ਨਾਰਸਿਸਮ ਦਾ ਸ਼ਿਕਾਰ ਹੁੰਦੇ ਹਨ। ਇੱਕ ਉਹ ਜਿਨਾਂ ਨੂੰ ਬਚਪਨ ਵਿੱਚ ਇਹ ਮਹਿਸੂਸ ਕਰਵਾਇਆ ਜਾਵੇ ਕਿ ਉਹ ਬਾਕੀਆਂ ਨਾਲੋਂ ਬਿਹਤਰ ਹਨ। ਉਹ ਆਪਣੇ ਆਪ ਨੂੰ ਐਲੀਟ ਕਲਾਸ ਵਿੱਚ ਸਮਝਦੇ ਹਨ। ਇਸੇ ਭਾਵਨਾ ਨੂੰ ਲੈ ਕੇ ਉਹ ਜ਼ਿੰਦਗੀ ਵਿੱਚ ਅੱਗੇ ਵਧਦੇ ਹਨ। ਉਹ ਸਾਰੀ ਜ਼ਿੰਦਗੀ ਇਸ ਭਰਮ ਦਾ ਸ਼ਿਕਾਰ ਰਹਿੰਦੇ ਹਨ ਕਿ ਉਹ ਦੂਸਰਿਆਂ ਤੋਂ ਬਿਹਤਰ ਹਨ। ਅਜਿਹੇ ਲੋਕਾਂ ਵਿੱਚ ਬਹੁਤ ਗੁੱਸਾ ਹੁੰਦਾ ਹੈ ਦੂਜਿਆਂ ਨੂੰ ਆਪਣੇ ਮੁਤਾਬਕ ਚਲਾਉਣ ਦੀ ਕੋਸ਼ਿਸ਼ ਅਤੇ ਆਪਣੇ ਮਹੱਤਵ ਨੂੰ ਬਹੁਤ ਜਿਆਦਾ ਵਧਾ ਚੜਾ ਕੇ ਦੱਸਣ ਦੀ ਆਦਤ ਹੁੰਦੀ ਹੈ।

ਦੂਸਰੀ ਤਰ੍ਹਾਂ ਦੇ ਨਾਰਸਿਸਟ ਉਹ ਬੱਚੇ ਹੁੰਦੇ ਹਨ ਜਿਨਾਂ ਨੂੰ ਬਚਪਨ ਵਿੱਚ ਅਣਦੇਖਿਆ ਕੀਤਾ ਜਾਂਦਾ ਹੈ ਜਾਂ ਕਿਸੇ ਕਿਸਮ ਦਾ ਦੁਰਵਿਹਾਰ ਉਹਨਾਂ ਨਾਲ ਕੀਤਾ ਜਾਂਦਾ ਹੈ। ਉਹ ਬਹੁਤ ਹੀ ਸੰਵੇਦਨਸ਼ੀਲ ਹੁੰਦੇ ਹਨ। ਨਾਰਸਿਸਟ ਵਿਹਾਰ ਨੂੰ ਅਪਣਾ ਕੇ ਉਹ ਆਪਣੀ ਕਮੀਆਂ ਨੂੰ ਲੁਕਾਉਂਦੇ ਹਨ। ਉਹਨਾਂ ਦੇ ਮਨ ਵਿੱਚ ਕਿਤੇ ਆਪਣੇ ਪ੍ਰਤੀ ਇਹ ਭਾਵਨਾ ਹੁੰਦੀ ਹੈ ਕਿ ਉਹ ਦੂਸਰਿਆਂ ਨਾਲੋਂ ਘੱਟ ਹਨ ਪਰ ਆਪਣੇ ਆਪ ਨੂੰ ਵੱਧ ਜਤਾ ਕੇ ਉਹ ਇਸਦੀ ਪੂਰਤੀ ਕਰਦੇ ਹਨ।

ਇਹਨਾਂ ਦੋਹਾਂ ਤਰ੍ਹਾਂ ਦੇ ਲੋਕਾਂ ਵਿੱਚ ਇੱਕ ਖਾਸ ਗੱਲ ਹੁੰਦੀ ਹੈ ਕਿ ਉਹ ਆਪਣੇ ਆਪ ਨੂੰ ਦੂਜਿਆਂ ਤੋਂ ਉੱਪਰ ਸਮਝ ਕੇ ਇੱਕ ਖਾਸ ਵਿਹਾਰ ਦੀ ਉਮੀਦ ਕਰਦੇ ਹਨ। ਉਹਨਾਂ ਨੂੰ ਇਹ ਲੱਗਦਾ ਹੈ ਕਿ ਦੂਜੇ ਉਹਨ੍ਹਾਂ ਦੇ ਮੁਤਾ-ਬਕ ਚੱਲਣ ਤੇ ਉਹਨਾਂ ਦੀਆਂ ਇੱਛਾਵਾਂ ਪੂਰੀਆਂ ਕਰਨ ਪਰ ਇਹ ਨਿਯਮ ਉਹ ਆਪਣੇ ਆਪ ਤੇ ਲਾਗੂ ਨਹੀਂ ਕਰਦੇ।

ਨਾਰਸਿਸਟ ਬੰਦਿਆਂ ਦਾ ਵਿਹਾਰ ਦੂਸਰੇ ਨੂੰ ਕਾਬੂ ਕਰਨ ਵਾਲਾ ਹੁੰਦਾ ਹੈ। ਇਸ ਵਿੱਚ ਉਹ ਕਦੀ ਚੰਗੀ ਤਰ੍ਹਾਂ ਪੇਸ਼ ਆਉਂਦੇ ਹਨ ਤੇ ਕਦੇ ਬੁਰੀ ਤਰ੍ਹਾਂ। ਉਹ ਦੂਸਰੇ ਦੀ ਸ਼ਖਸੀਅਤ ਨੂੰ ਆਪਣੇ ਕਾਬੂ ਵਿੱਚ ਰੱਖਣ ਲਈ ਹਰ ਹੱਥਕੰਡਾ ਅਪਣਾਉਂਦੇ ਹਨ। ਇਹ ਲੋਕ ਪਹਿਲਾਂ ਤੁਹਾਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਨਗੇ ਤੁਹਾਡੇ ਤੇ ਪ੍ਰਭਾਵ ਜਮਾਉਣਗੇ ਤੇ ਫਿਰ ਜਦੋਂ ਤੁਸੀਂ ਉਹਨਾਂ ਦੇ ਪ੍ਰਭਾਵ ਵਿੱਚ ਆ ਜਾਓਗੇ ਤਾਂ ਉਹ ਆਪਣੀਆਂ ਜਰੂਰਤਾਂ ਨੂੰ ਮੁੱਖ ਰੱਖਣ ਲੱਗਦੇ ਹਨ। ਅਜਿਹੇ ਲੋਕਾਂ ਨੂੰ ਆਪਣੀਆਂ ਪ੍ਰਾਪਤੀਆਂ ਨੂੰ ਵਧਾ ਚੜਾ ਕੇ ਦੱਸਣ ਦੀ ਆਦਤ ਹੁੰਦੀ ਹੈ ਤਾਂ ਕਿ ਉਹਨਾਂ ਨੂੰ ਪਛਾਣ ਮਿਲ ਸਕੇ। ਉਨਾਂ ਦੇ ਹਉਮੈ ਨੂੰ ਤਾਰੀਫ ਦੀ ਬੜੀ ਜਰੂਰਤ ਹੁੰਦੀ ਹੈ।

ਕਿਸੇ ਨਾਰਸਿਸਟ ਸ਼ਖਸੀਅਤ ਨਾਲ ਜੇ ਤੁਸੀਂ ਕਿਸੇ ਰਿਸ਼ਤੇ ਵਿੱਚ ਹੋ ਤਾਂ ਤੁਹਾਡੇ ਲਈ ਆਪਣੇ ਆਪ ਨੂੰ ਭਾਵਨਾਤਮਕ ਤੌਰ ਤੇ ਸੰਭਾਲਣਾ ਬਹੁਤ ਮੁਸ਼ਕਿਲ ਹੋ ਸਕਦਾ ਹੈ। ਇਹ ਬਹੁਤ ਚਲਾਕੀ ਨਾਲ ਆਪਣਾ ਕੰਮ ਕਰਦੇ ਹਨ ਤੇ ਤੁਸੀਂ ਇਸ ਨੂੰ ਸਮਝ ਹੀ ਨਹੀਂ ਸਕਦੇ। ਤੁਹਾਨੂੰ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਤੁਸੀਂ ਭਾਵਨਾਤਮਕ ਤੌਰ ਤੇ ਉਹਨਾਂ ਦੇ ਕਾਬੂ ਵਿੱਚ ਆ ਜਾਂਦੇ ਹੋ। ਉਹ ਤੁਹਾਨੂੰ ਇਹ ਜਤਾਉਂਦੇ ਹਨ ਕਿ ਉਹਨਾਂ ਤੋਂ ਬਿਨਾਂ ਤੁਸੀਂ ਕੁਝ ਵੀ ਨਹੀਂ ਹੋ। ਉਹ ਤੁਹਾਨੂੰ ਤੁਹਾਡੇ ਔਗੁਣਾਂ ਬਾਰੇ ਦੱਸਦੇ ਹਨ ਤਾਂ ਕਿ ਤੁਸੀਂ ਆਪਣੇ ਆਪ ਨੂੰ ਹੀਣਾ ਮਹਿਸੂਸ ਕਰੋ। ਤੁਹ-ਾਡੇ ਕਿਸੇ ਵੀ ਗੁਣ ਦੀ ਉਹ ਕਦੀ ਗੱਲ ਨਹੀਂ ਕਰਨਗੇ। ਤੁਸੀਂ ਜੇਕਰ ਉਹਨਾਂ ਦੀ ਸ਼ਖਸੀਅਤ ਨੂੰ ਪਛਾਣ ਵੀ ਲਵੋ ਤੇ ਉਸ ਰਿਸ਼ਤੇ ਵਿੱਚੋਂ ਨਿਕਲਣ ਦੀ ਕੋਸ਼ਿਸ਼ ਕਰੋ ਤਾਂ ਵੀ ਉਹ ਕਦੀ ਤੁਹਾਨੂੰ ਉਸ ਰਿਸ਼ਤੇ ਚੋਂ ਨਿਕਲਣ ਦਾ ਰਸਤਾ ਨਹੀਂ ਦੇਣਗੇ।

ਨਰਸਿਸਟ ਵਿਅਕਤੀ ਜੇ ਇੱਕ ਵਾਰ ਤੁਹਾਡੇ ਨਾਲ ਦੁਰਵਿਹਾਰ ਕਰੇਗਾ ਤਾਂ ਦੂਜੀ ਵਾਰ ਤੁਹਾਨੂੰ ਚੰਗੀ ਤਰ੍ਹਾਂ ਬੁਲਾ ਲਏਗਾ ਇਹ ਸਿਲਸਿਲਾ ਚੱਲਦਾ ਹੀ ਰਹੇਗਾ। ਤੁਸੀਂ ਇਸ ਘੁੰਮਣ ਘੇਰੀ ਵਿੱਚ ਹੀ ਫਸੇ ਰਹੋਗੇ ਕਿ ਉਹ ਚੰਗਾ ਵਿਅਕਤੀ ਹੈ ਜਾਂ ਮਾੜਾ। ਜਦੋਂ ਤੁਹਾਨੂੰ ਉਸ ਦੇ ਮਾੜੇ ਵਿਹਾਰ ਦੀ ਸਮਝ ਆਵੇਗੀ ਉਦੋਂ ਉਹ ਤੁਹਾਡੇ ਨਾਲ ਚੰਗਾ ਵਿਹਾਰ ਕਰੇਗਾ ਤੇ ਤੁਸੀਂ ਫਿਰ ਉਲਝ ਜਾਓਗੇ।

ਜ਼ਿੰਦਗੀ ਵਿੱਚ ਤੁਹਾਡੇ ਆਲੇ ਦੁਆਲੇ ਅਜਿਹੇ ਬਹੁਤ ਸਾਰੇ ਲੋਕ ਤੁਹਾਨੂੰ ਮਿਲਣਗੇ ਜਿਨਾਂ ਵਿੱਚ ਇੱਕ ਨਾਰਸਿਸਟ ਵਿਅਕਤੀ ਦੇ ਲੱਛਣ ਹੋਣਗੇ। ਬਹੁਤ ਜਰੂਰੀ ਹੈ ਕਿ ਤੁਸੀਂ ਇਹਨਾਂ ਨੂੰ ਸਮਝੋ ਤੇ ਪਛਾਣੋ। ਜੇਕਰ ਤੁਹਾਡੀ ਜ਼ਿੰਦਗੀ ਵਿੱਚ ਕੋਈ ਨਰਸਿਸਟ ਵਿਅਕਤੀ ਹੈ ਤਾਂ ਉਸ ਤੋਂ ਦੂਰੀ ਬਣਾ ਲਓ। ਇਹ ਵਿਅਕਤੀ ਤੁਹਾਡੀ ਸ਼ਖਸੀਅਤ ਨੂੰ ਖੇਰੂੰ ਖੇਰੂੰ ਕਰ ਸਕਦਾ ਹੈ।

ਆਪਣੀ ਮਾਨਸਿਕ ਸ਼ਾਂਤੀ ਬਣਾਏ ਰੱਖਣ ਲਈ ਅਤੇ ਆਪਣੇ ਆਪ ਨੂੰ ਜਜ਼ਬਾਤੀ ਤੌਰ ਤੇ ਮਜ਼ਬੂਤ ਰੱਖਣ ਲਈ ਬਹੁਤ ਜਰੂਰੀ ਹੈ ਕਿ ਤੁਸੀਂ ਅਜਿਹੇ ਲੋਕਾਂ ਨੂੰ ਪਛਾਣੋ ਤੇ ਉਹਨਾਂ ਤੋਂ ਫਾਸਲੇ ਤੇ ਰਹੋ। ਅਜਿਹਾ ਵਿਅਕਤੀ ਤੁਹਾਨੂੰ ਮਾਨਸਿਕ ਰੋਗੀ ਵੀ ਬਣਾ ਸਕਦਾ ਹੈ ਜੇਕਰ ਤੁਸੀਂ ਆਪਣੇ ਆਪ ਨੂੰ ਸੰਭਾਲਦੇ ਨਹੀਂ ।

ਸ੍ਰੋਤ-ਮਨੋਵਿਗਿਆਨ ਦੀਆਂ ਕਿਤਾਬਾਂ

ਹਰਪ੍ਰੀਤ ਕੌਰ ਸੰਧੂ



**ਹਰਪ੍ਰੀਤ ਕੌਰ ਸੰਧੂ**

# ਲੂਈ ਬਰੇਲ ਦੇ ਜਨਮ-ਦਿਨ ਤੇ ਸਨਮਾਨਿਤ ਸ਼ਖ਼ਸੀਅਤਾਂ









## 4. ਜਨਵਰੀ ਲਈ ਵਿਸ਼ੇਸ਼

ਨੇਤਰਹੀਣ ਵਿਦਿਆਰਥੀ ਵਿਅਕਤੀ ਆਪਣੀ ਪੜ੍ਹਾਈ ਇੱਕ ਲਿਪੀ ਰਾਹੀਂ ਕਰਦੇ ਹਨ ਜਿਸ ਨੂੰ ਬਰੇਲ ਲਿਪੀ ਕਿਹਾ ਜਾਂਦਾ ਹੈ ਇਹ ਲਿਪੀ ਛੇ ਬਿੰਦੂਆਂ ਤੇ ਆਧਾਰਿਤ ਹੈ। ਨੇਤਰਹੀਣ ਵਿਅਕਤੀ/ਵਿਦਿਆਰਥੀ ਬਰੇਲ ਸਲੇਟ ਤੇ ਗਾਈਡ ਅਤੇ ਕਲਿੱਪ ਵਿੱਚ ਮੋਟਾ ਕਾਗਜ਼ ਟੰਗ ਕੇ ਪਲਾਸਟਿਕ ਦੀ ਕਲਮ ਤੇ ਲੱਗੀ ਲੋਹੇ ਦੀ ਸੂਈ ਨਾਲ, ਸੱਜੇ ਹੱਥ ਦੇ ਅੰਗੂਠੇ ਨਾਲ ਲੱਗਦੀ ਪਹਿਲੀ ਉਂਗਲ ਨਾਲ, ਸੱਜੇ ਤੋਂ ਖੱਬੇ ਸੁਰਾਖ ਕਰਕੇ ਲਿਖਿਆ ਜਾਂਦਾ ਹੈ ਅਤੇ ਪੇਜ ਨੂੰ ਉਲਟਾ ਕਰਕੇ ਆਮ ਭਾਸ਼ਾ ਵਾਂਗ ਖੱਬੇ ਤੋਂ ਸੱਜੇ ਪਾਸੇ ਵੱਲ ਨੂੰ ਪੜ੍ਹਿਆ ਜਾਂਦਾ ਹੈ । ਇਹਨਾਂ ਛੇ ਨੁਕਤਿਆਂ ਵਾਲੇ ਸੁਰਾਖਾਂ, ਛੇਕਾਂ ਨੂੰ ਅੱਗੇ-ਪਿੱਛੇ ਕਰਕੇ ਭਾਸ਼ਾਵਾਂ ਦੇ ਅੱਖਰ ਬਣਾਏ ਜਾਂਦੇ ਹਨ । ਨੇਤਰਹੀਣਾਂ ਲਈ ਇਸ ਲਿਪੀ ਨੂੰ ਲੂਈ ਬਰੇਲ ਨੇ ਤਿਆਰ ਕੀਤਾ ਹੈ। ਜੇ ਇਹ ਕਹਿ ਲਿਆ ਜਾਵੇ ਕਿ ਬਰੇਲ ਲਿਪੀ ਦਾ ਬਾਨੀ ਲੂਈ ਬਰੇਲ ਹੈ ਤਾਂ ਅਤਿਕਥਨੀ ਨਹੀਂ ਹੋਵੇਗਾ।

ਨੇਤਰਹੀਣ ਵਿਅਕਤੀਆਂ/ਵਿਦਿਆਰਥੀਆਂ ਨੇ ਵੱਖ-ਵੱਖ ਖੇਤਰਾਂ ਵਿੱਚ ਉੱਚ ਪਦਵੀਆਂ ਤੇ ਪਹੁੰਚ ਕੇ ਆਪਣਾ ਅਤੇ ਦੇਸ਼ ਦਾ ਨਾਂ ਉੱਚਾ ਕੀਤਾ ਹੈ। ਲੂਈ ਬਰੇਲ ਦੇ ਜਨਮ-ਦਿਨ ਤੇ ਅੱਜ ਜਿਨ੍ਹਾਂ ਨੇਤਰਹੀਣ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ, ਉਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

ਡਾ: ਹਿਮਾਂਸ਼ੂ ਗਰਗ :- ਡਾ: ਹਿਮਾਂਸ਼ੂ ਗਰਗ ਨੇ 2011 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਬੀ.ਏ.ਆਨਰਜ਼, 2012 ਵਿੱਚ ਗਾਂਧੀ ਸਮਾਰਕ ਭਵਨ ਚੰਡੀਗੜ੍ਹ ਤੋਂ ਡਿਪਲੋਮਾ ਇਨ ਨੈਚਰੋਪੈਥੀ ਅਤੇ ਯੋਗਾ, 2012 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਬੀ.ਐੱ., 2013 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐੱਮ.ਏ., 2015 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਮਾਸਟਰ ਆਫ਼ ਆਰਟਸ ਇਨ ਪਬਲਿਕ ਐਡਮਨਿਸਟਰੇਸ਼ਨ, 2024 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੀ.ਐਚ.ਡੀ.(ਡਾਕਟਰ ਆਫ ਫਿਲਾਸਫੀ) ਦੀ ਡਿਗਰੀ ਪ੍ਰਾਪਤ ਕੀਤੀ । ਡਾਕਟਰ ਹਿਮਾਂਸ਼ੂ ਗਰਗ ਕੇਂਦਰੀ ਵਿਦਿਆਲਿਆ ਚੰਡੀਗੜ੍ਹ ਵਿਖੇ ਟੀ.ਜੀ.ਟੀ. ਅੰਗਰੇਜ਼ੀ ਵਜੋਂ 2014 ਤੋਂ ਸੇਵਾਵਾਂ ਨਿਭਾਅ ਰਹੇ ਹਨ। ਅੱਜ ਡਾਕਟਰ ਹਿਮਾਂਸ਼ੂ ਗਰਗ ਨੂੰ ਉਚੇਰੀ ਵਿੱਦਿਆ ਪ੍ਰਾਪਤ ਕਰਨ ਤੇ ਸਨਮਾਨਿਤ ਕੀਤਾ ਜਾ ਰਿਹਾ ਹੈ।

ਅਜੇ ਅਰੋੜਾ :-ਅਜੇ ਅਰੋੜਾ ਦਾ ਜਨਮ ਪਿੰਡ ਸਾਂਭੀ ਜ਼ਿਲ੍ਹਾ ਕਰਨਾਲ ਵਿਖੇ ਹੋਇਆ। ਉਹਨਾਂ ਨੇ ਸਕੂਲੀ ਵਿੱਦਿਆ ਦੇਹਰਾਦੂਨ ਵਿਖੇ ਕਰਨ ਤੋਂ ਬਾਅਦ ਉਚੇਰੀ ਵਿੱਦਿਆ ਦਿੱਲੀ ਯੂਨੀਵਰਸਿਟੀ ਦੇ ਹਿੰਦੂ ਕਾਲਜ ਤੋਂ 2007 ਵਿੱਚ ਹਿਸਟਰੀ ਆਨਰਜ ਦੀ ਡਿਗਰੀ ਹਾਸਲ ਕੀਤੀ। ਉਹਨਾਂ ਨੇ ਇਤਿਹਾਸ ਦੀ ਮਾਸਟਰ ਡਿਗਰੀ ਕਰਨ ਤੋਂ ਬਾਅਦ ਵੀ ਆਪਣੀ ਪੜ੍ਹਾਈ ਜਾਰੀ ਰੱਖੀ। ਅਜੇ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੋਂ ਐੱਮ ਫਿਲ ਕੀਤੀ। ਆਈ.ਏ.ਐਸ. ਦਾ ਸਫ਼ਰ ਸ਼ੁਰੂ ਕਰਨ ਤੋਂ ਪਹਿਲਾਂ ਅਜੇ ਨੇ ਦਿੱਲੀ ਯੂਨੀਵਰਸਿਟੀ ਦੇ ਰਾਮ ਲਾਲ ਅਨੰਦ ਕਾਲਜ ਦੇ ਇਤਿਹਾਸ ਵਿਭਾਗ ਵਿੱਚ ਸਹਾਇਕ ਪ੍ਰੋਫ਼ੈਸਰ ਵਜੋਂ ਸੇਵਾਵਾਂ ਨਿਭਾਈਆਂ। ਅਜੇ ਅਰੋੜਾ 2016 ਵਿੱਚ ਆਈ.ਏ.ਐਸ.ਅਫਸਰ ਬਣੇ। ਉਹਨਾਂ ਪੰਜਾਬ ਵਿੱਚ ਨਸ਼ਿਆਂ ਨੂੰ ਰੋਕਣ ਲਈ ਕੋਸ਼ਿਸ਼ਾਂ ਕੀਤੀਆਂ ਤੇ ਉਸ ਵਿੱਚ ਉਹਨਾਂ ਨੂੰ ਸਫਲਤਾ ਵੀ ਹਾਸਲ ਹੋਈ। ਅੱਜ ਉਹਨਾਂ ਨੂੰ ਨੇਤਰਹੀਣ ਹੋਣ ਦੇ ਬਾਵਜੂਦ ਉਚੇਰੀ ਵਿੱਦਿਆ ਪ੍ਰਾਪਤ ਕਰਨ ਉਪਰੰਤ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਕਾਰਜਾਂ ਕਰਕੇ ਸਨਮਾਨਿਤ ਕੀਤਾ ਜਾ ਰਿਹਾ ਹੈ।

ਚੇਤਨਾ ਸਿੰਗਲਾ :-ਚੇਤਨਾ ਸਿੰਗਲਾ ਦਾ ਜਨਮ 18 ਦਸੰਬਰ 1988 ਈਸਵੀ ਨੂੰ ਪਿਤਾ ਸ਼੍ਰੀ ਨਰੇਸ਼ ਕੁਮਾਰ ਦੇ ਘਰ ਮਾਤਾ ਮੀਨਾ ਰਾਣੀ ਦੀ ਕੁੱਖ ਤੋਂ ਬਰਨਾਲਾ ਵਿਖੇ ਹੋਇਆ । ਉਸ ਨੇ ਦਸਵੀਂ ਤੱਕ ਪੜ੍ਹਾਈ ਦਇਆਨੰਦ ਕੇਂਦਰੀ ਵਿਦਿਆ ਮੰਦਰ ਬਰਨਾਲਾ ਤੋਂ ਕੀਤੀ । ਲਾਲ ਬਹਾਦਰ ਸ਼ਾਸਤਰੀ ਕਾਲਜ ਬਰਨਾਲਾ ਤੋਂ ਬੀ.ਏ. ਅਤੇ ਐੱਮ.ਏ. ਪ੍ਰਾਈਵੇਟ ਕੀਤੀ । ਉਸ ਨੇ ਕੈਰੀਅਰ ਕੌਂਸਲਿੰਗ ਦਾ ਡਿਪਲੋਮਾ ਵੀ ਕੀਤਾ ਹੈ । ਚੇਤਨਾ ਸਿੰਗਲਾ ਨੇ 2014 ਵਿੱਚ ਰੇਡੀਓ ਉਡਾਨ ਵਿੱਚ ਬਤੌਰ ਆਰ.ਜੇ. ਕੰਮ ਕੀਤਾ ਅਤੇ ਆਨਲਾਈਨ ਅੰਗਰੇਜ਼ੀ ਸਪੀਕਿੰਗ ਦੀਆਂ ਕਲਾਸਾਂ 'ਚ ਵੀ ਪੜ੍ਹਾਇਆ । ਉਹਨਾਂ ਨੂੰ 2015 ਵਿੱਚ ਸਟੇਟ ਬੈਂਕ ਆਫ ਇੰਡੀਆ ਵਿੱਚ ਨੌਕਰੀ ਮਿਲ ਗਈ । ਵਰਤਮਾਨ ਸਮੇਂ ਉਹ ਸਹਾਇਕ ਮੈਨੇਜਰ ਦੇ ਤੌਰ ਤੇ ਕੰਮ ਕਰੇ ਹਨ । ਇਸੇ ਸਾਲ (2015 ਵਿੱਚ) ਹੀ ਚੇਤਨਾ ਸਿੰਗਲਾ ਨੂੰ ਭਾਰਤ ਸਰਕਾਰ ਵੱਲੋਂ ਨੈਸ਼ਨਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ । ਚੇਤਨਾ ਸਿੰਗਲਾ ਮਿਹਨਤੀ ਇਮਾਨਦਾਰ ਤੇ ਮਿਲਣਸਾਰ ਹਨ । ਕੰਮ ਕਰਨ ਵਿੱਚ ਦਿਲਚਸਪੀ ਰੱਖਦੇ ਹਨ । ਉਹਨਾਂ ਨੂੰ 2016 ਵਿੱਚ ਜ਼ਿਲ੍ਹਾ ਐਵਾਰਡ ਤੇ 2017 ਵਿੱਚ ਬਿਹਾਰ ਨੈਸ਼ਨਲ ਐਵਾਰਡ (ਯੂਥ ਆਫ ਦ ਈਅਰ) ਨਾਲ ਸਨਮਾਨਿਤ ਕੀਤਾ ਗਿਆ। ਸਾਲ 2019 'ਚ ਉਹਨਾਂ ਨੂੰ ਚੋਣ ਕਮਿਸ਼ਨ ਵੱਲੋਂ 'ਜ਼ਿਲ੍ਹਾ ਚੋਣ ਬਰਾਂਡ ਅੰਬੈਸਡਰ' ਨਿਯੁਕਤ ਕੀਤਾ ਗਿਆ। ਅੱਜ ਉਹਨਾਂ ਨੂੰ ਲੂਈ ਬਰੇਲ ਦੇ ਜਨਮ-ਦਿਨ ਤੇ ਸਨਮਾਨਿਤ ਕੀਤਾ ਜਾ ਰਿਹਾ ਹੈ ।

ਮਾਸਟਰ ਇਕਬਾਲ ਸਿੰਘ :- ਮਾਸਟਰ ਇਕਬਾਲ ਸਿੰਘ ਦਾ ਜਨਮ 4 ਜੁਲਾਈ 1973 ਈ: ਨੂੰ ਪਿਤਾ ਸ੍ਰ: ਬਲਵਿੰਦਰ ਸਿੰਘ ਮਿਸਤਰੀ ਦੇ ਘਰ ਮਾਤਾ ਹਰਭਜਨ ਕੌਰ ਜੀ ਦੀ ਕੁੱਖ ਤੋਂ ਕਲਕੱਤਾ ਵਿਖੇ ਹੋਇਆ । ਅੱਖਾਂ ਤੋਂ ਬਿਨਾਂ ਉਹਨਾਂ ਦੇ ਸਰੀਰ ਦੇ ਸਾਰੇ ਅੰਗ ਤੰਦਰੁਸਤ ਹਨ । ਉਸ ਨੂੰ ਬਚਪਨ ਤੋਂ ਹੀ ਪੜ੍ਹਾਈ ਦਾ ਸ਼ੌਕ ਸੀ । ਮਾਤਾ-ਪਿਤਾ ਨੇ ਨੇਤਰਹੀਣਾਂ ਦੀ ਸਰਕਾਰੀ ਸੰਸਥਾ ਜਮਾਲਪੁਰ ਲੁਧਿਆਣਾ ਵਿਖੇ ਦਾਖਲ ਕਰਵਾ ਦਿੱਤਾ ਅਤੇ ਉੱਥੇ ਮੈਟ੍ਰਿਕ ਤੱਕ ਦੀ ਪੜ੍ਹਾਈ ਚੰਗੇ ਨੰਬਰ ਲੈ ਕੇ ਪਾਸ ਕੀਤੀ । 10+2 ਪਿੰਡ ਗਾਲਬ ਕਲਾਂ, ਬੀ.ਏ. ਐਸ.ਡੀ.ਕਾਲਜ ਅੰਬਾਲਾ ਤੋਂ ਅਤੇ ਐੱਮ.ਏ. (ਮਿਊਜਿਕ ਵੋਕਲ) ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ ਵਿਖੇ ਕੀਤੀ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ 1998 'ਚ ਐੱਮ.ਏ. (ਮਿਊਜਿਕ) ਦੀ ਪ੍ਰੀਖਿਆ 569/800 (72%) ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਪ੍ਰਾਪਤ ਕੀਤਾ। ਸਟੇਟ ਬੈਂਕ ਆਫ ਇੰਡੀਆ ਲੁਧਿਆਣਾ ਤੇ ਪੰਜਾਬ ਵੈਲਫੇਅਰ ਐਸੋਸੀਏਸ਼ਨ ਫਾਰ ਦੀ ਬਲਾਈਂਡ ਵੱਲੋਂ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ 'ਤੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ । ਇਕਬਾਲ ਸਿੰਘ ਨੇ ਜੂਨ 1999 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਲਿਆ ਗਿਆ ਯੂ.ਜੀ.ਸੀ. (ਯੂਨੀਵਰਸਿਟੀ ਗਰਾਂਟ ਕਮਿਸ਼ਨ) ਦਾ ਟੈਸਟ ਵੀ ਪਾਸ ਕਰ ਲਿਆ ਹੈ ।

ਇਹਨਾਂ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਵਿਖੇ ਸੰਗੀਤ ਭੂਸ਼ਣ, ਸੰਗੀਤ ਵਿਸ਼ਾਰਦ ਤੇ ਸੰਗੀਤ ਭਾਸ਼ਕਰ ਦਾ ਸੱਤ ਸਾਲ ਦਾ ਡਿਪਲੋਮਾ ਵੀ ਪਹਿਲੇ ਸਥਾਨ 'ਚ ਪ੍ਰਾਪਤ ਕੀਤਾ ਹੈ । ਉਹਨਾਂ ਦੇ ਬੋਲਾਂ ਵਿੱਚ ਇੰਨੀ ਮਿਠਾਸ ਹੈ ਕਿ ਹਰ ਵੱਡੇ-ਛੋਟੇ ਨੂੰ 'ਜੀ' ਕਹਿ ਕੇ ਬੁਲਾਉਂਦੇ ਹਨ।

ਮਾਸਟਰ ਇਕਬਾਲ ਸਿੰਘ ਅਕਾਸ਼ਵਾਣੀ ਜਲੰਧਰ ਤੋਂ ਸ਼ਾਸਤਰੀ ਸੰਗੀਤ ਵਿੱਚ ਬੀ ਗ੍ਰੇਡ, ਗ਼ਜ਼ਲ ਵਿੱਚ ਬੀ ਹਾਈ ਗ੍ਰੇਡ, ਅਤੇ ਸ਼ਬਦ ਗਾਇਨ ਵਿੱਚ ਵੀ ਬੀ ਹਾਈ ਗ੍ਰੇਡ ਦਾ ਆਰਟਿਸਟ ਹੈ। ਉਹਨਾਂ ਦੇ ਪ੍ਰੋਗਰਾਮ ਸਮੇਂ-ਸਮੇਂ ਸਿਰ ਰੇਡੀਓ ਤੋਂ ਪ੍ਰਸਾਰਿਤ ਹੁੰਦੇ ਰਹਿੰਦੇ ਹਨ। ਸ਼ਾਸਤਰੀ ਗਾਇਨ ਵਿੱਚ ਉਹਨਾਂ ਕਈ ਸੰਗੀਤ ਸੰਮੇਲਨਾਂ ਵਿੱਚ ਭਾਗ ਲਿਆ ਅਤੇ ਆਪਣੇ ਗਾਇਨ ਦਾ ਪ੍ਰਦਰਸ਼ਨ ਕੀਤਾ । ਜਿਨ੍ਹਾਂ ਵਿੱਚੋਂ ਕੁੱਝ ਨਾਮ ਹੇਠ ਲਿਖੇ ਅਨੁਸਾਰ ਹਨ ।

* ਹਰਿਵੱਲਭ ਸੰਗੀਤ ਸੰਮੇਲਨ ਜਲੰਧਰ ।
* ਮਾਸਟਰ ਰਤਨ ਸੰਗੀਤ ਸੰਮੇਲਨ ਫਗਵਾੜਾ ।
* ਬਸੰਤ ਸੰਗੀਤ ਸੰਮੇਲਨ ਹੁਸ਼ਿਆਰਪੁਰ ।
* ਵਿਸ਼ਨੂੰ ਦਿਗੰਬਰ ਸੰਗੀਤ ਸੰਮੇਲਨ ਫ਼ਰੀਦਕੋਟ ।
* ਭਾਈ ਮਰਦਾਨਾ ਸੰਗੀਤ ਸੰਮੇਲਨ ਪਟਿਆਲਾ ।
* ਤਰਸੇਮ ਲਾਲ ਸਿੱਧੂ ਸੰਗੀਤ ਸੰਮੇਲਨ ਲੁਧਿਆਣਾ ।
* ਹੋਲੀ ਸੰਗੀਤ ਸੰਮੇਲਨ ਅੰਮ੍ਰਿਤਸਰ ।

ਮਾਸਟਰ ਇਕਬਾਲ ਸਿੰਘ ਨੇ ਆਪਣਾ ਯੂਟਿਊਬ ਚੈਨਲ ਵੀ ਬਣਾਇਆ ਹੋਇਆ ਹੈ, ਜਿਸ ਦਾ ਨਾਮ "ਇਕਬਾਲ ਸਿੰਘ ਬਮਰਾਹ" ਹੈ। ਮਾਸਟਰ ਇਕਬਾਲ ਸਿੰਘ ਵੱਲੋਂ ਸੰਗੀਤ ਬਾਰੇ ਵੀ ਇੱਕ ਪੁਸਤਕ ਲਿਖੀ ਜਾ ਰਹੀ ਹੈ ਜਿਸ ਦਾ ਨਾਂ "ਗੁਰਬਾਣੀ ਗਾਇਨ" ਹੈ । ਜਿਸ ਵਿੱਚ ਗੁਰਬਾਣੀ ਦੇ 62 ਰਾਗ ਸ਼ਾਮਲ ਕੀਤੇ ਗਏ ਹਨ ।

ਵਰਤਮਾਨ ਸਮੇਂ ਇਕਬਾਲ ਸਿੰਘ ਜੀ ਭਾਰਤ ਨੇਤਰਹੀਣ ਸੇਵਕ ਸਮਾਜ (ਰਜਿ:) ਸਭਾ ਦੇ ਪ੍ਰਧਾਨ ਵਜੋਂ ਕੰਮ ਕਰ ਰਹੇ ਹਨ । ਇਹ ਸਭਾ ਲੁਧਿਆਣਾ ਵਿਖੇ ਨੇਤਰਹੀਣ ਲੋਕਾਂ ਦੀ ਭਲਾਈ ਲਈ ਕੰਮ ਕਰਦੀ ਹੈ । ਮਾਸਟਰ ਇਕਬਾਲ ਸਿੰਘ ਵੱਲੋਂ ਕਾਫੀ ਲੰਮੇ ਅਰਸੇ ਤੋਂ ਹਰ ਸ਼ਨਿੱਚਰਵਾਰ ਨੂੰ ਭਾਰਤ ਨੇਤਰਹੀਣ ਸੇਵਕ ਸਮਾਜ ਵਿੱਚ ਜਾ ਕੇ ਨੇਤਰਹੀਣ ਵਿਦਿਆਰਥੀਆਂ ਨੂੰ ਬਿਨਾਂ ਕਿਸੇ ਫੀਸ ਦੇ ਸੰਗੀਤ ਦੀ ਸਿੱਖਿਆ ਦਿੱਤੀ ਜਾ ਰਹੀ ਹੈ ।

ਇਕਬਾਲ ਸਿੰਘ ਨੇ ਅੰਤਰ ਕਾਲਜ ਯੂਥ ਫੈਸਟੀਵਲਾਂ ਤੇ ਹੋਰ ਕਈ ਸੱਭਿਆਚਾਰਕ ਮੁਕਾਬਲਿਆਂ 'ਚ ਵੱਖ-ਵੱਖ ਥਾਵਾਂ (ਲੁਧਿਆਣਾ, ਦੋਰਾਹਾ, ਚੰਡੀਗੜ੍ਹ, ਕੁਰੂਕਸ਼ੇਤਰ, ਜੈਪੁਰ, ਜਗਾਧਰੀ, ਸਿੱਧਵਾਂ ਖੁਰਦ, ਅੰਬਾਲਾ ਕੈਂਟ, ਕਾਲਕਾ, ਜਲੰਧਰ) ਤੇ ਗੀਤ, ਗ਼ਜ਼ਲ, ਸ਼ਬਦ, ਭਜਨ, ਤਬਲਾ, ਸ਼ਾਸਤਰੀ ਸੰਗੀਤ ਤੇ ਕਵਿਤਾ ਗਾਇਨ 'ਚ ਭਾਗ ਲਿਆ । ਇਕਬਾਲ ਸਿੰਘ ਨੇ ਇਹਨਾਂ ਵੱਖ-ਵੱਖ ਥਾਵਾਂ ਤੇ ਹੋਏ ਮੁਕਾਬਲਿਆਂ 'ਚ ਜ਼ਿਆਦਾਤਰ ਪਹਿਲਾ ਤੇ ਦੂਜਾ ਸਥਾਨ ਹਾਸਲ ਕਰਕੇ 80 ਤੋਂ ਵੀ ਵੱਧ ਮਾਣ-ਸਨਮਾਨ ਪ੍ਰਾਪਤ ਕੀਤੇ।

ਇਕਬਾਲ ਸਿੰਘ ਅੱਜ-ਕੱਲ੍ਹ ਨੇਤਰਹੀਣਾਂ ਦੀ ਸਰਕਾਰੀ ਸੰਸਥਾ ਜਮਾਲਪੁਰ, ਲੁਧਿਆਣਾ ਵਿਖੇ ਮਿਊਜ਼ਿਕ ਅਧਿਆਪਕ ਵਜੋਂ ਬੱਚਿਆਂ ਦੀ ਵਿੱਦਿਆ ਰਾਹੀਂ ਸੇਵਾ ਕਰ ਰਹੇ ਹਨ । ਇਹਨਾਂ ਵੱਲੋਂ ਤਿਆਰ ਕੀਤੇ ਬੱਚੇ ਗੀਤ, ਗ਼ਜ਼ਲ, ਸ਼ਬਦ, ਭਜਨ ਗਾਇਨ ਵਿੱਚ ਵੱਖ-ਵੱਖ ਥਾਵਾਂ ਤੇ ਅਨੇਕਾਂ ਹੀ ਇਨਾਮ ਪ੍ਰਾਪਤ ਕਰ ਚੁੱਕੇ ਹਨ ।

ਕ੍ਰਿਸ਼ਨਾ ਦੇਵੀ :- ਕ੍ਰਿਸ਼ਨਾ ਦੇਵੀ ਦਾ ਜਨਮ 15 ਅਕਤੂਬਰ ਨੂੰ ਸ਼੍ਰੀ ਚੁਨੀ ਲਾਲ ਅਤੇ ਮਾਤਾ ਸੀਤਾਵੰਤੀ ਦੇ ਘਰ ਲੁਧਿਆਣਾ ਵਿਖੇ ਹੋਇਆ । ਉਹਨਾਂ ਨੇਤਰਹੀਣਾਂ ਲਈ ਸਰਕਾਰੀ

(ਬਾਕੀ ਸਫ਼ਾ 17 ਤੇ)


**ਕਰਨੈਲ ਸਿੰਘ ਐੱਮ.ਏ.**

1138/ 63-ਏ, ਗੁਰੂ ਤੇਗ ਬਹਾਦਰ ਨਗਰ,
ਗਲੀ ਨੰਬਰ 1, ਚੰਡੀਗੜ੍ਹ ਰੋਡ,
ਜਮਾਲਪੁਰ, ਲੁਧਿਆਣਾ ।

Emial :- karnialisnghma@gmial.com

# ਜਸਵਿੰਦਰ ਕੁਮਾਰ ਬ੍ਰਿਟਿਸ਼ ਇੰਸਪਾਇਰ ਮੈਡਲ ਨਾਲ ਸਨਮਾਨਿਤ

## ਗੋਲਡਨ ਵਿਰਸਾ ਯੂ ਕੇ ਦੇ ਐੱਮ ਡੀ ਸਮਰਾ ਤੇ ਕਲਸੀ ਵੱਲੋਂ ਵਧਾਈ



**ਲੰਡਨ, (ਸਮਰਾ)–** ਨਵੇਂ ਸਾਲ ਮੌਕੇ 30 ਤੋਂ ਵੱਧ ਭਾਰਤੀਆਂ ਨੂੰ ਬਰਤਾਨੀਆ ਦੇ ਸ਼ਾਹੀ ਖਿਤਾਬਾਂ ਨਾਲ ਸਨਮਾਨਿਤ ਕੀਤਾ ਗਿਆ। ਇਸੇ ਤਹਿਤ ਹੀ ਪਿਛਲੇ 15 ਸਾਲਾਂ ਤੋਂ ਜਸਵਿੰਦਰ ਕੁਮਾਰ ਨੂੰ ਜਰੂਰਤਮੰਦ ਲੋਕਾਂ ਦੀ ਮਦਦ ਕਰਨ ਖਾਸਕਰ ਏਸ਼ੀਅਨ ਤੇ ਘੱਟ ਗਿਣਤੀ ਲੋਕਾਂ ਦੀ ਹਫਤੇ ਵਿੱਚ ਇੱਕ ਵਾਰ ਮੁਫ਼ਤ ਸਰਜਰੀ ਕਰਨ ਬਦਲੇ ਤੇ ਕੋਵਿਡ –19 ਦੌਰਾਨ ਬਤੌਰ ਸ੍ਰੀ ਗੁਰੂ ਰਵਿਦਾਸ ਸੇਵਕ ਸਭਾ ਬਰੈਡਫੋਰਡ ਦੇ ਪ੍ਰਧਾਨ ਹੁੰਦਿਆਂ ਹੋਇਆ ਡਾਕਟਰ, ਵਲੰਟੀਅਰ, ਪੁਲਿਸ ਤੇ ਜ਼ਰੂਰਤਮੰਦਾਂ ਨੂੰ ਗੁਰੂ ਕੇ ਲੰਗਰ ਮਹੁੱਈਆ ਕਰਵਾਉਣ ਦੇ ਚਲਦੇ ਬ੍ਰਿਟਿਸ਼ ਇੰਸਪਾਇਰ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਲਈ ਗੋਲਡਨ ਵਿਰਸਾ ਯੂ ਕੇ ਦੇ ਐੱਮ ਡੀ ਤੇ ਪ੍ਰਸਿੱਧ ਸਭਿਆਚਾਰਕ ਤੇ ਖੇਡ ਪ੍ਰਮੋਟਰ ਰਾਜਵੀਰ ਸਮਰਾ ਤੇ ਨਛੱਤਰ ਸਿੰਘ ਕਲਸੀ ਨੇ ਬਰੈਡਫੋਰਡ ਮੈਨ ਦੇ ਤੌਰ ਦੇ ਨਾਂ ਤੇ ਜਾਣੇ ਜਾਂਦੇ ਜਸਵਿੰਦਰ ਕੁਮਾਰ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਐਵਾਰਡ ਜਸਵਿੰਦਰ ਕੁਮਾਰ ਨੂੰ ਮਿਲਣ ਨਾਲ ਸਮੁੱਚੇ ਪੰਜਾਬੀਆਂ ਨੂੰ ਵੱਡਾ ਮਾਣ ਮਿਲਿਆ ਹੈ। ਇਹ ਐਵਾਰਡ ਜਸਵਿੰਦਰ ਕੁਮਾਰ ਨੂੰ ਮਿਲਣ ਨਾਲ ਸਮੁੱਚੇ ਪੰਜਾਬੀਆਂ ਵਿੱਚ ਖੁਸ਼ੀ ਦੀ ਲਹਿਰ ਹੈ।

**Thank you**
**Rajveer samra**
**07412970999**




# ਸਫਾ 16 ਦਾ ਬਾਕੀ...ਲੂਈ ਬਰੇਲ ਦੇ ਜਨਮ-ਦਿਨ ਤੇ ਸਨਮਾਨਿਤ ਸ਼ਖ਼ਸੀਅਤਾਂ

ਸੰਸਥਾ ਜਮਾਲਪੁਰ ਤੋਂ ਦਸਵੀਂ, ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ ਤੋਂ ਬੀ.ਏ., ਗੌਰਮਿੰਟ ਕਾਲਜ ਸੈਕਟਰ-20 ਚੰਡੀਗੜ੍ਹ ਤੋਂ ਬੀ.ਐਡ ਅਤੇ ਐੱਮ.ਏ. ਅੰਗਰੇਜ਼ੀ ਪ੍ਰਾਈਵੇਟ ਕੀਤੀ । ਮੈਡਮ ਕ੍ਰਿਸ਼ਨਾ ਦੇਵੀ ਨੇ 1980 ਤੋਂ 1981 ਈ: ਤੱਕ ਵੋਕੇਸ਼ਨਲ ਰੀਹੈਬਲੀਟਸ਼ਨ ਟ੍ਰੇਨਿੰਗ ਸੈਂਟਰ (ਵੀ.ਆਰ.ਟੀ.ਸੀ.) ਵਿੱਚ ਅਧਿਆਪਕ ਵਜੋਂ ਸੇਵਾਵਾਂ ਦਿੱਤੀਆਂ । 1981 ਤੋਂ ਅਗਸਤ 1983 ਤੱਕ ਨਿਊ ਹਾਈ ਸਕੂਲ ਸਰਾਭਾ ਨਗਰ ਲੁਧਿਆਣਾ ਵਿਖੇ ਅਧਿਆਪਕ ਰਹੇ । ਅਕਤੂਬਰ 1983 ਵਿੱਚ ਉਹਨਾਂ ਨੂੰ ਸਰਕਾਰੀ ਨੌਕਰੀ ਮਿਲਣ ਤੇ ਸਰਕਾਰੀ ਹਾਈ ਸਕੂਲ ਧਨੌਲਾ ਸੰਗਰੂਰ ਵਿਖੇ ਜੁਆਇਨ ਕੀਤਾ ਤੇ 1985 ਤੱਕ ਇੱਥੇ ਹੀ ਬੱਚਿਆਂ ਨੂੰ ਪੜ੍ਹਾਇਆ । 1986 ਤੋਂ ਮਾਰਚ 2015 ਈ: ਤੱਕ ਗੌਰਮਿੰਟ ਸੀਨੀਅਰ ਮਾਡਲ ਸਕੂਲ ਉਵਰਲ-ਾਕ ਰੋਡ ਢੋਲੇਵਾਲ ਲੁਧਿਆਣਾ ਵਿਖੇ ਅਧਿਆਪਕ ਰਹੇ । ਅਪ੍ਰੈਲ 2015 'ਚ ਪ੍ਰਮੋਸ਼ਨ ਹੋਣ ਤੇ ਪ੍ਰਿੰਸੀਪਲ ਬਣੇ । ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਇੰਜਣਸ਼ੈਡ ਲੁਧਿਆਣਾ 'ਚ ਮਈ 2016 ਤੱਕ ਪ੍ਰਿੰਸੀਪਲ ਵਜੋਂ ਕੰਮ ਕੀਤਾ । ਜੂਨ 2016 ਤੋਂ ਅਕਤੂਬਰ 2018 ਤੱਕ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਸਲੇਮਟਾਬਰੀ ਲੁਧਿਆਣਾ ਵਿਖੇ ਨੌਕਰੀ ਕੀਤੀ । ਮੈਡਮ ਕ੍ਰਿਸ਼ਨਾ ਦੇਵੀ 35 ਸਾਲ ਬੇਦਾਗ ਅਧਿਆਪਕ, ਪ੍ਰਿੰਸੀਪਲ ਵਜੋਂ ਨੌਕਰੀ ਕਰਨ ਉਪਰੰਤ ਸੇਵਾ ਮੁਕਤ ਹੋਏ।

ਉਹਨਾਂ ਅਨੇਕਾਂ ਨੇਤਰਹੀਣ ਬੱਚਿਆਂ ਨੂੰ ਦਸਵੀਂ, 10+2 ਪ੍ਰਾਈਵੇਟ ਕਰਵਾਈ । ਮੈਡਮ ਕ੍ਰਿਸ਼ਨਾ ਦੇਵੀ ਬਹੁਤ ਮਿਹਨਤੀ ਤੇ ਇਮਾਨਦਾਰ ਹਨ । ਉਹਨਾਂ ਨੌਕਰੀ ਦੌਰਾਨ ਅਨੇਕਾਂ ਬੱਚਿਆਂ ਨੂੰ ਬਰੇਲ ਲਿਪੀ 'ਚ ਸਿਲੇਬਸ ਦੀਆਂ ਕਿਤਾਬਾਂ ਤਿਆਰ ਕਰਕੇ ਦਿੱਤੀਆਂ । 10+2 ਜਮਾਤ ਦੇ ਬੱਚਿਆਂ ਨੂੰ ਬਰੇਲ ਨੋਟਸ ਤਿਆਰ ਕਰਕੇ ਦਿੱਤੇ । ਅੱਜ ਵੀ ਇਹ ਸੇਵਾ ਲਗਾਤਾਰ ਕਰ ਰਹੇ ਹਨ।

ਮੈਡਮ ਕ੍ਰਿਸ਼ਨਾ ਦੇਵੀ ਕਰੋਨਾ ਕਾਲ ਮਗਰੋਂ ਸੰਨ 2021 ਤੋਂ ਏਕ ਜੋਤ ਵਿਕਲਾਂਗ ਬੱਚਿਆਂ ਦੇ ਸਕੂਲ ਐਚ.ਜੇ. 606 ਹਾਊਸਿੰਗ ਬੋਰਡ ਕਲੋਨੀ, ਨੇੜੇ ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਵਿਖੇ ਨਿਸ਼ਕਾਮ ਸੇਵਾ ਕਰ ਰਹੇ ਹਨ। ਕੋਈ ਤਨਖਾਹ ਨਹੀਂ ਲੈਂਦੇ । 4 ਜਨਵਰੀ ਨੂੰ ਲੂਈ ਬਰੇਲ ਦੇ ਜਨਮ-ਦਿਨ ਤੇ ਉਹਨਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ ।

ਲਲਿਤ ਗਰਗ :- ਲਲਿਤ ਗਰਗ ਦਾ ਜਨਮ 12 ਨਵੰਬਰ 1989 ਈਸਵੀ ਨੂੰ ਸ਼੍ਰੀ ਰਾਜਪਾਲ ਗਰਗ ਦੇ ਘਰ ਮਾਤਾ ਵੰਦਨਾ ਰਾਣੀ ਦੀ ਕੁੱਖ ਤੋਂ ਬਰਨਾਲਾ ਵਿਖੇ ਹੋਇਆ । ਉਸ ਨੇ ਦਸਵੀਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਰਨਾਲਾ,10+2 ਗਾਂਧੀ ਆਰੀਆ ਸੀਨੀਅਰ ਸੈਕੰਡਰੀ ਸਕੂਲ ਬਰਨਾਲਾ, ਬੀ.ਏ. ਯੂਨੀਵਰਸਿਟੀ ਕਾਲਜ ਬਰਨ-ਾਲਾ, ਡਿਪਲੋਮਾ ਇਨ ਐਲੀਮੈਂਟਰੀ ਐਜੂਕੇਸ਼ਨ ਡਾਇਟ ਚ ਵਿਦਿਆ ਪ੍ਰਾਪਤ ਕੀਤੀ । ਉਹ ਇਸ ਸਮੇਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਬੀ.ਐਡ ਦੀ ਪੜ੍ਹਾਈ ਕਰ ਰਹੇ ਹਨ।

ਲਲਿਤ ਗਰਗ ਪੀ.ਡਬਲਯੂ.ਡੀ ਵਿੱਚ ਕਲਰਕ ਦੀ ਪੋਸਟ ਤੇ ਕੰਮ ਕਰ ਰਹੇ ਹਨ । ਇਸ ਦੇ ਨਾਲ-ਨਾਲ ਉਚੇਰੀ ਵਿਦਿਆ ਵੀ ਪ੍ਰਾਪਤ ਕਰ ਰਹੇ ਹਨ। ਲਲਿਤ ਡੇਰਾ ਸਰਸਾ ਦੇ ਪ੍ਰੇਮੀ ਹਨ । ਸਰਸਾ ਵਿਖੇ ਹਰ ਮਹੀਨੇ ਲਗਾਏ ਜਾਂਦੇ ਖੂਨਦਾਨ ਕੈਂਪ ਵਿੱਚ ਉਸ ਨੇ 30 ਵਾਰ ਖੂਨਦਾਨ ਕੀਤਾ ਸਿਵਲ ਹਸਪਤਾਲ ਬਰਨਾਲਾ ਵਿਖੇ ਲਗਾਏ ਜਾਂਦੇ ਖੂਨਦਾਨ ਕੈਂਪਾਂ ਵਿੱਚ ਵੀ ਉਸ ਨੇ ਤਿੰਨ ਵਾਰ ਖੂਨਦਾਨ ਕੀਤਾ ਹੈ। 'ਸ਼ਾਹ ਸਤਨਾਮ ਜੀ ਗਰੀਨ ਐਸ ਵੈਲਫੇਅਰ ਸੰਗਠਨ' ਦੇ ਨਾਲ ਜੁੜ ਕੇ ਲੋੜਵੰਦਾਂ ਦੀ ਸੇਵਾ, ਵਿਧਵਾ ਔਰਤਾਂ ਦੀ ਸਹਾਇਤਾ, ਗ਼ਰੀਬਾਂ ਨੂੰ ਰਾਸ਼ਨ ਮੁਹੱਈਆ ਕਰਵਾਉਣ ਦੀ ਸੇਵਾ ਵਿੱਚ ਵੀ ਲਲਿਤ ਗਰਗ ਅੱਗੇ ਹੋ ਕੇ ਯੋਗਦਾਨ ਪਾ ਰਹੇ ਹਨ । ਵਾਤਾਵਰਣ ਨੂੰ ਹਰਾ-ਭਰਾ ਬਣਾਉਣ ਲਈ ਉਹਨਾਂ ਨੇ ਸਰਕਾਰੀ ਤੇ ਗੈਰ ਸਰਕਾਰੀ ਅਦਾਰਿਆਂ ਵਿੱਚ ਪੌਦੇ ਲਗਾਏ। ਗੌਰਮਿੰਟ ਸਕੂਲ ਬਰਨਾਲਾ, ਹਸਪਤਾਲਾਂ, ਸੜਕਾਂ ਦੇ ਕਿਨਾਰੇ ਹਜ਼ਾਰਾਂ ਬੂਟੇ ਲਗਾ ਕੇ ਉਹਨਾਂ ਦੀ ਦੇਖ-ਭਾਲ ਵੀ ਕਰ ਰਹੇ ਹਨ।

ਲਲਿਤ ਗਰਗ ਨੇ ਨੇਤਰਹੀਣਾਂ ਨੂੰ ਮੋਬਾਈਲ ਚਲਾਉਣ, ਲੈਪਟਾਪ ਚਲਾਉਣ ਦੀ ਸਿਖਲਾਈ ਵੀ ਦਿੱਤੀ । ਨੇਤਰਹੀਣਾਂ ਨੂੰ ਸਟਿੱਕ ਫੜ ਕੇ ਕਿਸ ਤਰ੍ਹਾਂ ਚੱਲਣਾ ਚਾਹੀਦਾ ਹੈ, ਇਸ ਦੀ ਜਾਣਕਾਰੀ ਵੀ ਲਲਿਤ ਗਰਗ ਨੇ ਅਨੇਕਾਂ ਨੇਤਰਹੀਣਾਂ ਨੂੰ ਦਿੱਤੀ । ਲਲਿਤ ਗਰਗ ਬਲਾਈਂਡ ਪਰਸਨ ਐਸੋਸੀਏਸ਼ਨ (ਬੀ.ਪੀ.ਏ.) ਜਥੇਬੰਦੀ ਵਿੱਚ ਜਨਰਲ ਸਕੱਤਰ ਵਜੋਂ ਸੇਵਾ ਕਰ ਰਹੇ ਹਨ ।

ਹਰਲੀਨ ਕੌਰ :- ਹਰਲੀਨ ਕੌਰ ਦਾ ਜਨਮ 30 ਦਸੰਬਰ 2021 ਈ: ਨੂੰ ਪਿਤਾ ਮਨਜੀਤ ਸਿੰਘ ਅਤੇ ਮਾਤਾ ਸਰਬਜੀਤ ਕੌਰ ਦੇ ਗ੍ਰਹਿ ਜ਼ਿਲ੍ਹਾ ਮੁਹਾਲੀ ਵਿਖੇ ਹੋਇਆ । ਉਸ ਨੇ ਨੇਤਰਹੀਣਾਂ ਦੇ ਸਕੂਲ ਇੰਸਟੀਚਿਊਟ ਫਾਰ ਦੀ ਬਲਾਈਂਡ ਸੈਕਟਰ-26 ਚੰਡੀਗੜ੍ਹ ਤੋਂ ਦਸਵੀਂ 85% ਅੰਕ ਲੈ ਕੇ ਪਾਸ ਕੀਤੀ । 10+2 ਵੀ ਸੈਕਟਰ-26 ਚੰਡੀਗੜ੍ਹ ਦੇ ਇੰਸਟੀਚਿਊਟ ਤੋਂ 96.60 ਪ੍ਰਤੀਸ਼ਤ ਅੰਕ ਹਾਸਲ ਕਰਕੇ ਸੰਸਥਾ ਦੇ ਨਾਂ ਰੋਸ਼ਨ ਕੀਤਾ । ਹਰਲੀਨ ਕੌਰ ਨੇ ਬੀ.ਏ., ਪੋਸਟ ਗਰੈਜੂਏਟ ਗੌਰਮਿੰਟ ਕਾਲਜ ਫਾਰ ਗਰਲਜ਼ (ਪੀ.ਜੀ.ਜੀ.ਸੀ.ਜੀ.) ਸੈਕਟਰ-11 ਚੰਡੀਗੜ੍ਹ ਤੋਂ 80.33 ਪ੍ਰਤੀਸ਼ਤ ਅੰਕ ਹਾਸਲ ਕਰਕੇ ਕੀਤੀ । ਵਰਤਮਾਨ ਸਮੇਂ ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐੱਮ.ਏ. ਪੁਲਿਟੀਕਲ ਸਾਇੰਸ ਦੀ ਕਰ ਰਹੀ ਹੈ ।

ਹਰਲੀਨ ਕੌਰ ਪੂਰੀ ਤਰ੍ਹਾਂ ਨੇਤਰਹੀਣ ਹੈ । ਉਸ ਨੇ ਆਪਣੇ ਦ੍ਰਿੜ੍ਹ ਇਰਾਦੇ ਤੇ ਸਖ਼ਤ ਮਿਹਨਤ ਨਾਲ ਸਾਰੀਆਂ ਚੁਣੌਤੀਆਂ ਨੂੰ ਪਾਰ ਕੀਤਾ ਹੈ। ਉਸ ਨੂੰ ਕਿਤਾਬਾਂ ਪੜ੍ਹਨ ਦਾ ਸ਼ੌਂਕ ਹੈ । ਉਸ ਨੇ ਪੁਸਤਕਾਂ ਨੂੰ ਹੀ ਆਪਣਾ ਜੀਵਨ ਦਾ ਆਧਾਰ ਬਣਾਇਆ ਹੋਇਆ ਹੈ । ਉਹ ਚੰਡੀਗੜ੍ਹ ਬਲਾਈਂਡ ਕ੍ਰਿਕਟ ਟੀਮ ਦੀ ਮੈਂਬਰ ਵੀ ਰਹੀ ਹੈ ਅਤੇ ਦੋ ਰਾਸ਼ਟਰੀ ਟੂਰਨਾਮੈਂਟ ਵਿੱਚ ਵੀ ਉਸ ਨੇ ਹਿੱਸਾ ਲਿਆ ਹੈ। ਉਹ ਸਮਾਜ ਦੀ ਭਲਾਈ ਲਈ ਆਪਣਾ ਯੋਗਦਾਨ ਪਾਉਣ ਅਤੇ ਹੋਰਨਾਂ ਨੂੰ ਪ੍ਰੇਰਿਤ ਕਰਨ ਦੀ ਆਸ ਨਾਲ ਅੱਗੇ ਵੱਧ ਰਹੀ ਹੈ

ਹਰਲੀਨ ਕੌਰ ਇਸ ਸਮੇਂ ਐੱਮ.ਏ. ਕਰਨ ਦੇ ਨਾਲ- ਨਾਲ ਸਿਵਲ ਸੇਵਾਵਾਂ ਪ੍ਰੀਖਿਆ ਦੀ ਤਿਆਰੀ ਕਰ ਰਹੀ ਹੈ ਪਰਮਾਤਮਾ ਉਸ ਨੂੰ ਇਸ ਵਿੱਚ ਵੀ ਕਾਮਯਾਬੀ ਬਖ਼ਸ਼ੇ ।

ਦੀਪ ਕੁਮਾਰ :- ਦੀਪ ਕੁਮਾਰ ਦਾ ਜਨਮ 5 ਮਈ 2001 ਈਸਵੀ ਨੂੰ ਪਿਤਾ ਸ਼੍ਰੀ ਰਾਮ ਸਰਨ ਦੇ ਘਰ ਮਾਤਾ ਰਾਣੀ ਦੇ ਉਦਰ ਤੋਂ ਸ਼ਿਵ ਮੰਦਰ ਕਲੋਨੀ ਗਲੀ ਨੰਬਰ 2, ਪਿੰਡ: ਲੁਹਾਰਾ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ । ਉਸ ਨੇ ਪਹਿਲੀ ਜਮਾਤ ਤੋਂ ਲੈ ਕੇ ਦਸਵੀਂ ਜਮਾਤ ਤੱਕ ਦੀ ਪੜ੍ਹਾਈ ਨੇਤਰਹੀਣਾਂ ਲਈ ਸਰਕਾਰੀ ਸਕੂਲ ਜਮਾਲਪੁਰ ਲੁਧਿਆਣਾ ਤੋਂ ਕੀਤੀ। ਉਸ ਨੇ ਦਸਵੀਂ ਜਮਾਤ ਵਿੱਚ 81 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ। 10+2 ਵੋਕੇਸ਼ਨਲ ਰੀਹੈਬਲੀਟਸ਼ਨ ਟ੍ਰੇਨਿੰਗ ਸੈਂਟਰ (ਵੀ.ਆਰ.ਟੀ.ਸੀ.) ਤੋਂ 80 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਾਸ ਕੀਤੀ । ਉਹ ਹੁਣ ਬੀ.ਏ. ਭਾਗ ਦੂਜਾ ਈਵਨਿੰਗ ਡਿਪਾਰਮੈਟ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕਰ ਰਿਹਾ ਹੈ । ਉਸ ਨੂੰ ਕ੍ਰਿਕਟ ਖੇਡਣ ਦਾ ਬੜਾ ਸ਼ੌਕ ਹੈ। ਉਸ ਨੇ ਪੂਨਾ, ਮੱਧ ਪ੍ਰਦੇਸ਼, ਲਖਨਊ ਵਿਖੇ ਹੋਈਆਂ ਕ੍ਰਿਕਟ ਦੀਆਂ ਨੈਸ਼ਨਲ ਖੇਡਾਂ ਵਿੱਚ ਵੀ ਭਾਗ ਲਿਆ ।

ਲੂਈ ਬਰੇਲ ਦੇ ਜਨਮ-ਦਿਨ ਤੇ ਅੱਜ 4 ਜਨਵਰੀ ਦਿਨ ਸ਼ਨੀਵਾਰ ਨੂੰ ਗੁਰੂ ਨਾਨਕ ਦੇਵ ਭਵਨ ਲੁਧਿਆਣਾ ਵਿਖੇ ਵੱਖ- ਵੱਖ ਖੇਤਰਾਂ ਵਿੱਚ ਉਪਲਬਧੀਆਂ ਪ੍ਰਾਪਤ ਕਰਨ ਤੇ ਉਪਰੋਕਤ ਨੇਤਰਹੀਣ ਵਿਅਕਤੀਆਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ ।

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X
@samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com